• **ਲੇਖਕ ਦੀਆਂ ਹੋਰ ਕਾਵਿ-ਪੁਸਤਕਾਂ**

ਪੱਥਰ ਦੀ ਅੱਖ
ਗੁਲਾਬ ਫ਼ਾਨੂਸ ਤੇ ਬਰਫ਼
(ਭਾਈ ਵੀਰ ਸਿੰਘ ਪੁਰਸਕਾਰ ਵਿਜੇਤਾ-1977)
ਆਨੰਦਪੁਰ ਬਨਾਮ ਦਿੱਲੀ
ਮੋਹ-ਮਹਿਲ

• **ਛਪਣ ਹਿਤ**

ਕੱਚ ਦੀਆਂ ਮੁੰਦਰਾਂ
ਚੀਨੇ ਕਬੂਤਰ
ਖੇਸ ਦੀ ਬੁੱਕਲ
ਦਾਈ ਪੱਤ ਮਛਲੀ ਦੇ
ਕਿੱਸਾ ਪਰਦੇਸੀ ਰਾਂਝਣ (ਵਿਅੰਗ)

# ਕਾਸ਼ਨੀ ਦੇ ਫੁੱਲ

ਸ਼ੇਰ ਸਿੰਘ ਕੰਵਲ

ਰਵੀ ਸਾਹਿਤ ਪ੍ਰਕਾਸ਼ਨ
ਹਾਲ ਬਾਜ਼ਾਰ, ਅੰਮ੍ਰਿਤਸਰ

**Kashni De Phul** (Ghazals)

By : Sher Singh Kanwal
228-60th St.
Niagara Falls, NY-14304
U.S.A.

Published By :
Ravi Sahit Parkashan
Hall Bazar, Amritsar-143006

ISBN - 81 - 7143 - 327 - 8

© ਸ਼ੇਰ ਸਿੰਘ ਕੰਵਲ

ਸਰਵਰਕ : ਸੁਖਵੰਤ
ਪਹਿਲੀ ਵਾਰ : 2003
**ਕੀਮਤ : ਇਕ ਸੌ ਰੁਪਿਆ**

ਪ੍ਰਕਾਸ਼ਕ :
ਰਵੀ ਸਾਹਿਤ ਪ੍ਰਕਾਸ਼ਨ
ਹਾਲ ਬਾਜ਼ਾਰ, ਅੰਮ੍ਰਿਤਸਰ (ਭਾਰਤ) 143006
ਫੋਨ : 0183-2543799

ਟਾਈਪ ਸੈਟਿੰਗ :
ਸੁਖ਼ਨ ਗ੍ਰਾਫ਼ਿਕਸ, ਚੌਕ ਹੁਸੈਨਪੁਰਾ, ਅੰਮ੍ਰਿਤਸਰ
ਫੋਨ : 0183-2586107

ਪ੍ਰਿੰਟਰ :
ਪ੍ਰਿੰਟਵੈਲ, 146, ਫੋਕਲ ਪੁਆਇੰਟ, ਅੰਮ੍ਰਿਤਸਰ

## ਮਹਿਬੂਬ ਪਤਨੀ ਸਤਵੰਤ ਦੇ ਨਾਂ

ਜੋ ਮੇਰੇ ਦਿਲ ਦਰਿਆ ਦੇ ਅੱਥਰੇ-ਪਾਣੀਆਂ ਨੂੰ
ਗ਼ਜ਼ਲ ਵਰਗੇ ਬੰਧਨ-ਵਿਧਾਨ 'ਚ
ਵੇਖਣ ਦੀ ਤਲਬਗਾਰ
ਗ਼ਜ਼ਲ ਲਿਖਣ ਲਈ ਸਦਾ
ਮੇਰੀ ਪ੍ਰੇਰਨਾ-ਸ੍ਰੋਤ ਰਹੀ
ਤੇ ਮੇਰੀਆਂ ਗ਼ਜ਼ਲਾਂ ਨੂੰ ਹਮੇਸ਼ ਆਪਣੇ
ਅਮੁੱਲੇ ਸੁਝਾਵਾਂ ਨਾਲ ਸ਼ਿੰਗਾਰਦੀ ਰਹੀ ਹੈ !

# ਪ੍ਰੋ. ਸ਼ੇਰ ਸਿੰਘ ਕੰਵਲ ਦੀ ਗ਼ਜ਼ਲ ਵਿਦਵਾਨਾਂ ਦੀ ਨਜ਼ਰ 'ਚ

ਗੱਲ ਕੀ, ਮੈਂ ਇਹ ਕਹਾਂਗਾ ਆਪਣੇ ਪੰਜਾਬੀ ਗ਼ਜ਼ਲਗੋਆਂ ਨੂੰ ਕਿ ਜੇ ਪੰਜਾਬੀ ਵਿਚ ਗ਼ਜ਼ਲ ਲਿਖਣੀ ਹੀ ਹੈ ਤਾਂ ਪ੍ਰੋ: ਮੋਹਨ ਸਿੰਘ ਵਾਂਗ, ਤਖ਼ਤ ਸਿੰਘ ਵਾਂਗ ਜਾਂ ਇਸ ਕਵੀ ਸ਼ੇਰ ਸਿੰਘ ਕੰਵਲ ਵਾਂਗ ਲਿਖੋ। ਮੈਂ ਸੌ ਦੀ ਇਕੋ ਇਕ ਕਹਾਂਗਾ ਕਿ ਮੋਹਨ ਸਿੰਘ ਤੇ ਤਖ਼ਤ ਸਿੰਘ ਤੋਂ ਪਿੱਛੋਂ ਜੇ ਕੋਈ ਪੰਜਾਬੀ ਗ਼ਜ਼ਲਗੋ ਜੋ ਮੈਨੂੰ ਜਚਿਆ ਹੈ ਤਾਂ ਉਹ ਸ਼ੇਰ ਸਿੰਘ ਕੰਵਲ ਹੈ।

ਦਾਖਾ
12 ਫਰਵਰੀ 1977

**ਸੰਤ ਸਿੰਘ ਸੇਖੋਂ**

◆

ਇਕ ਪੌਰਾਣਿਕ ਕਥਾ ਅਨੁਸਾਰ ਕਿਸੇ ਸਮੇਂ ਇਕ ਕੰਵਲ ਵਿਚੋਂ ਬ੍ਰਹਮਾ ਪੈਦਾ ਹੋਇਆ ਸੀ। ਬ੍ਰਹਮਾ ਨੂੰ ਸ੍ਰਿਸ਼ਟੀ ਦਾ ਸਿਰਜਣਹਾਰ ਮੰਨਿਆ ਜਾਂਦਾ ਹੈ। ਅੱਜ ਮੈਂ ਜਿਸ ਕੰਵਲ ਦੀ ਚਰਚਾ ਛੇੜੀ ਹੈ, ਇਸ ਵਿਚੋਂ ਵੀ ਇਕ ਅਜਿਹੇ ਕਾਵਿ-ਰੂਪ ਨੇ ਜਨਮ ਲਿਆ ਹੈ। ਉਹ ਅੱਜ ਬ੍ਰਹਮਾ ਵਾਂਗ ਹੀ ਗ਼ਜ਼ਲ ਦੀ ਸ੍ਰਿਸ਼ਟੀ ਦਾ ਸਿਰਜਣਹਾਰ ਬਣਦਾ ਜਾ ਰਿਹਾ ਹੈ, ਕੰਵਲ ਗ਼ਜ਼ਲ ਦਾ ਬੁੱਧ ਹੈ। ਉਹ ਪੁਰਾਣੇ ਮਹੱਲ ਛੱਡ ਕੇ ਗਿਆਨ ਦੇ ਨਵੇਂ ਰਾਹ ਭਾਲ ਰਿਹਾ ਹੈ। ਪੰਜਾਬੀ ਗ਼ਜ਼ਲ ਨੂੰ ਉਰਦੂ ਪੰਰਪਰਾ ਤੇ ਤਕਨੀਕ ਦੇ ਸੌੜੇ, ਅੰਨ੍ਹੇ ਤੇ ਕਾਲੇ-ਕਲੌਟੇ ਸੰਚੇ ਵਿਚੋਂ ਕੱਢ ਕੇ ਵਿਸ਼ੇ ਦੇ ਪੱਖੋਂ ਇਸ ਨੂੰ ਇਕ ਅਨੋਖੀ ਪੁੱਠ ਚਾੜ੍ਹਨ ਵਿਚ ਰੁੱਝਿਆ ਹੋਇਆ ਹੈ। ਕੰਵਲ ਦੀ ਗ਼ਜ਼ਲ ਦੇ ਫ਼ੈਲੇ ਕੈਨਵਸ ਵਿਚ ਅੱਜ ਪੂਰੇ ਦਾ ਪੂਰਾ ਤਹਿਜ਼ੀਬੀ ਦੌਰ ਸਿਮਟਦਾ ਪ੍ਰਤੀਤ ਹੁੰਦਾ ਹੈ। ਉਸਦੀ ਗ਼ਜ਼ਲ ਦਾ ਹਰ ਸ਼ਿਅਰ ਉਸ ਤਸਵੀਰ ਵਾਂਗ ਹੈ ਜਿਸ ਦੀ ਪਿੱਠਭੂਮੀ ਸੌਂਦਰਯਮਈ ਹੋਣ ਦੇ ਨਾਲ ਨਾਲ ਅਜੋਕੇ ਦੌਰ ਦੀ ਪੀੜ ਦੇ ਝਲਕਾਰੇ ਵੀ ਮਾਰਦੀ ਹੈ!

**-ਪ੍ਰਿੰ. ਤਖ਼ਤ ਸਿੰਘ**

◆

ਪ੍ਰੋ: ਕੰਵਲ ਦੀ ਕਵਿਤਾ ਦੇ ਮਾਣ-ਮੱਤੇ ਤੇ ਅਤਿ ਭਾਵੁਕ ਪਾਣੀ ਛੰਦਾਂ ਦੇ ਕਿਆਰਿਆਂ ਵਿਚ ਚਲਦੇ ਹਨ । ਕਿਆਰੇ-ਜੁ ਉਸਦੀ ਕਾਵਿਕ ਨਿਪੁੰਨਤਾ ਤੇ ਅਨੂਠੀ ਪ੍ਰਤਿਭਾ ਦੇ ਪ੍ਰਤੀਕ ਹਨ । ਉਹ ਭਾਵੁਕਤਾ ਦੇ ਹੜ੍ਹ ਦੇ ਪਾਣੀਆਂ ਵਿਚ ਦੂਰ ਤਕ ਤਰ ਆਉਂਦਾ ਹੈ, ਪਰ ਉਨ੍ਹਾਂ ਵਿਚ ਹੜ੍ਹਦਾ ਨਹੀਂ ਅਤੇ ਹਮੇਸ਼ਾ ਭਾਵੁਕਤਾ ਤੇ ਬੁੱਧੀ ਦਾ ਅੰਕੁਸ਼ ਰੱਖਦਾ ਹੈ । ਮੈਨੂੰ ਉਸ ਦੀਆਂ ਗਜ਼ਲਾਂ ਨੇ ਬਹੁਤ ਟੁੰਬਿਆ ਹੈ । ਉਹ ਗਜ਼ਲ ਦੀ ਤਕਨੀਕ ਵਿਚ ਕੁਝ ਚੋਣਵੇਂ ਗ਼ਜ਼ਲਗੋਆਂ ਵਾਂਗ ਨਿਪੁੰਨ ਤਾਂ ਹੈ ਹੀ ਪਰ ਉਸਦੀ ਹੋਰਾਂ ਨਾਲੋਂ ਵਿਸ਼ੇਸ਼ਤਾ ਇਹ ਹੈ ਕਿ ਉਹ ਮਾਸੂਮ ਬਾਲਾਂ ਵਰਗੀ ਸਾਦੀ ਜਿਹੀ ਅਦਾ ਨਾਲ ਸਾਦ-ਮੁਰਾਦੀ ਬੋਲੀ ਵਿਚ ਵੀ ਜ਼ਿੰਦਗੀ ਦੇ ਗੰਭੀਰਤਮ ਵਿਸ਼ਿਆਂ ਬਾਰੇ ਕਿਸੇ ਬਜ਼ੁਰਗ ਉਪਦੇਸ਼ਕ ਵਰਗੀ ਗੱਲ ਕਰ ਜਾਂਦਾ ਹੈ ।

**-ਡਾ. ਆਤਮ ਹਮਰਾਹੀ**

•

ਕੰਵਲ ਦੀ ਗ਼ਜ਼ਲ ਵਿਚ ਇਹਸਾਸ ਦੀ ਤਾਜ਼ਗੀ ਦੇ ਨਾਲ ਨਾਲ ਬਿਆਨ ਦੀ ਨਵੀਨਤਾ ਅਤੇ ਸੁੰਦਰਤਾ ਆਦਿ ਗ਼ਜ਼ਲਿਆਤੀ ਗੁਣਾਂ ਦੇ ਦਰਸ਼ਨ ਹੁੰਦੇ ਹਨ । ਉਸਨੇ ਆਧੁਨਿਕ ਜੀਵਨ ਦੀ ਪੇਚੀਦਗੀ ਨੂੰ ਗ਼ਜ਼ਲ ਦੇ ਮਾਧਿਅਮ ਰਾਹੀਂ ਪ੍ਰਗਟਾਣ ਦਾ ਸੁੰਦਰ ਯਤਨ ਕੀਤਾ ਹੈ ।

**-ਡਾ. ਰਣਧੀਰ ਸਿੰਘ ਚੰਦ**

•

ਜਦ ਮੈਂ ਕਹਿੰਦਾ ਹਾਂ ਕਿ ਸ਼ੇਰ ਸਿੰਘ ਕੰਵਲ ਦੀ ਸ਼ਾਇਰੀ ਅਦੁੱਤੀ ਹੈ ਤਾਂ ਮੈਂ ਸ਼ਾਇਰੀ ਨਹੀਂ ਕਰ ਰਿਹਾ, ਸਗੋਂ ਇਕ ਹਕੀਕਤ ਬਿਆਨ ਕਰ ਰਿਹਾ ਹਾਂ । ਉਸ ਦੀਆਂ ਨਜ਼ਮਾਂ ਦਾ ਤਿੱਖਾ ਅਤੇ ਅਰਥ-ਪੂਰਨ ਵਿਅੰਗ ਅਤੇ ਉਸ ਦੀਆਂ ਗ਼ਜ਼ਲਾਂ ਦੇ ਲਹਿਜੇ ਦੀ ਮਿਠਾਸ ਅਤੇ ਘੁਲਾਵਟ ਆਧੁਨਿਕ ਪੰਜਾਬੀ ਸ਼ਾਇਰੀ ਵਿਚ ਨਵੀਆਂ ਚੀਜ਼ਾਂ ਹਨ । ਉਸਨੂੰ ਨਜ਼ਮ ਅਤੇ ਗ਼ਜ਼ਲ ਉਤੇ ਸਮਾਨ ਅਧਿਕਾਰ ਪ੍ਰਾਪਤ ਹੈ । ਇਹੋ ਜਿਹੀ ਪ੍ਰਤਿਭਾ ਵਾਲਾ ਸ਼ਾਇਰ ਅੱਗੇ ਚੱਲ ਕੇ ਕੀ ਕੁਝ ਕਰ ਸਕੇਗਾ ਇਸਦੀ ਕਲਪਨਾ ਕੀਤੀ ਜਾ ਸਕਦੀ ਹੈ, ਖ਼ਾਸ ਤੌਰ 'ਤੇ ਜਦ ਉਸ ਕੋਲ ਕਹਿਣ ਨੂੰ ਬਹੁਤ ਕੁਝ ਹੈ ਅਤੇ ਉਸ ਨੂੰ ਕਹਿਣ ਦਾ ਢੰਗ ਆਉਂਦਾ ਹੈ ।

**-ਪ੍ਰਿੰ. ਕਨ੍ਹਈਆ ਲਾਲ ਕਪੂਰ**

•



ਕੰਵਲ ਦੀ ਕਵਿਤਾ ਵਿਸ਼ਿਆਂ ਦੀ ਵੰਨ-ਸੁਵੰਨਤਾ ਅਤੇ ਬੋਲੀ ਦੇ ਸੁਹਜ ਦੀ ਧਾਰਨੀ ਹੈ । ਉਸਨੇ ਵਿਭਿੰਨ ਵਿਸ਼ਿਆਂ ਨੂੰ ਬੜੀ ਬਾਰੀਕਬੀਨੀ ਨਾਲ ਵੇਖਿਆ ਅਤੇ ਸੁੰਦਰ ਕਲਾਮਈ ਢੰਗ ਨਾਲ ਚਿਤਰਿਆ ਹੈ । ਉਸ ਦੀਆਂ ਕਵਿਤਾਵਾਂ ਵਿਚ ਕਾਟਵਾਂ ਵਿਅੰਗ ਅਤੇ ਗਜ਼ਲਾਂ ਵਿਚ ਕਿਸੇ ਸੂਫ਼ੀ ਸੰਤ ਦੇ ਵੈਰਾਗ ਵਿਚੋਂ ਉਪਜਿਆ ਉਪਦੇਸ਼ ਹੈ—ਇਹ ਉਸਦੀ ਸ਼ਾਇਰੀ ਦੀ ਵੱਡੀ ਵਿਸ਼ੇਸ਼ਤਾ ਹੈ ।

**-ਡਾ. ਕੇ. ਸੀ. ਗੁਪਤਾ**

•

ਕੰਵਲ ਨੂੰ ਗ਼ਜ਼ਲ ਕਹਿਣ ਦੀ ਪੂਰੀ ਪੂਰੀ ਤਮੀਜ਼ ਹੈ । ਉਸ ਦੇ ਤਖ਼ੱਈਅਲ ਵਿਚ ਨਜ਼ਾਕਤ ਤੇ ਜ਼ਬਾਨ ਵਿਚ ਤਾਕਤ ਹੈ । ਉਸ ਦੇ ਅਹਿਸਾਸ ਦੀ ਸ਼ਿੱਦਤ ਆਪਣੀ ਲੋੜ ਅਨੁਸਾਰ ਸ਼ਬਦਾਂ ਦੀ ਚੋਣ ਕਰ ਲੈਂਦੀ ਹੈ । ਉਸ ਦੀਆਂ ਗਜ਼ਲਾਂ ਵਿਚ ਮਹਿਕ ਤੇ ਕੋਮਲਤਾ ਦੋਹਾਂ ਦਾ ਸਮਾਵੇਸ਼ ਹੈ, ਇਹੋ ਕੰਵਲ ਦੀ ਵਿਸ਼ੇਸ਼ਤਾ ਹੈ ।

**-ਅਜਾਇਬ ਚਿਤਰਕਾਰ**

•

ਪ੍ਰੋ. ਸ਼ੇਰ ਸਿੰਘ ਕੰਵਲ ਦੀਆਂ ਗ਼ਜ਼ਲਾਂ ਦੇ ਸ਼ਿਅਰ ਜ਼ਿੰਦਗੀ ਦੀ ਕੁੜੱਤਣ ਤੇ ਤਲਖ਼ੀ ਵਿਚ ਵੀ ਖ਼ੂਬਸੂਰਤੀ ਤੇ ਉਮੀਦ ਦਾ ਪੈਗ਼ਾਮ ਦਿੰਦੇ ਹਨ । ਉਸ ਦੀਆਂ ਜੜ੍ਹਾਂ ਸਾਡੇ ਸਭਨਾਂ ਵਾਂਗ ਜ਼ਿੰਦਗੀ ਦੇ ਛੱਪੜ ਦੀ ਅਸਲੀਅਤ ਵਿਚ ਹਨ, ਪਰ ਉਹ ਕਲਾ ਦੇ ਪਾਣੀਆਂ ਦੀ ਸਤਹ ਤੇ ਆਪਣੀਆਂ ਪੰਖੜੀਆਂ ਵਰਗੀਆਂ ਅੱਖਾਂ ਵਿਚ ਹੰਝੂਆਂ ਸਮੇਤ ਵੀ ਮਹਿਕਦਾ ਮੁਸਕਰਾਉਂਦਾ ਹੈ ।

**-ਸ. ਸ. ਮੀਸ਼ਾ**

•

**(ਟਿੱਪਣੀਆਂ : 'ਗੁਲਾਬ ਫ਼ਾਨੂਸ ਤੇ ਬਰਫ਼' 1977 ਵਿਚੋਂ)**

— ਇਕ —

ਇਹ ਕਿਜੇਹੀ ਬੇਰੁਖ਼ੀ ? ਕੁਝ ਸੋਚ ਲੈ !
ਮਰ ਰਹੀ ਹੈ ਦੋਸਤੀ, ਕੁਝ ਸੋਚ ਲੈ !

ਬਹੁਤ ਡੂੰਘੀ ਹੈ ਦਿਲਾਂ ਦੀ ਦਾਸਤਾਂ,
ਹੈ ਨਹੀਂ ਇਹ ਦਿਲਲਗੀ, ਕੁਝ ਸੋਚ ਲੈ !

ਕੱਚ ਦਾ ਇਹ ਮਹਿਲ ਹੈ ਕਿਰ ਜਾਏਗਾ,
ਮਾਰਨੀ ਜੇ ਕੰਕਰੀ, ਕੁਝ ਸੋਚ ਲੈ !

ਅੱਗੇ ਹਨੇਰਾ ਸ਼ਹਿਰ ਵਿਚ ਤਾਂ ਬਹੁਤ ਹੈ,
ਤੁਰ ਗਈ ਇਹ ਰੌਸ਼ਨੀ, ਕੁਝ ਸੋਚ ਲੈ !

ਬੇਲਿਆਂ ਦੇ ਰੁੱਖ ਮਰ ਸੁੱਕ ਜਾਣਗੇ,
ਸੌਂ ਗਈ ਜੇ ਵੰਝਲੀ, ਕੁਝ ਸੋਚ ਲੈ !

ਵਧਦਿਆਂ ਵਧ ਜਾਣਗੇ ਇਹ ਫ਼ਾਸਲੇ,
ਲੱਗ ਰਹੇ ਜੁ ਸਰਸਰੀ, ਕੁਝ ਸੋਚ ਲੈ !

ਜਾਮ ਫਿਰ ਟਕਰਾਉਣਗੇ ਰੋ ਪੈਣਗੇ,
ਮਹਿਫ਼ਲ ਰਹੇਗੀ ਰੰਗਲੀ ? ਕੁਝ ਸੋਚ ਲੈ !

ਟੁੱਟ ਗਿਆਂ ਨੂੰ ਲੋਕ ਚਲ ਨਾ ਕਹਿਣਗੇ,
ਚੁੱਪ ਰਹੇਗੀ ਦੁਸ਼ਮਣੀ ? ਕੁਝ ਸੋਚ ਲੈ !

ਰਾਤ ਭਰ ਸਿਸਕੇਗਾ ਤਨਹਾ ਜਦ ਕੋਈ,
ਸੌਂ ਰਹੇਗੀ ਦਿਲਬਰੀ ? ਕੁਝ ਸੋਚ ਲੈ !

ਕਾਸ਼ਨੀ ਦੇ ਫੁੱਲ ਤਾਂ ਮਿਲ ਜਾਣਗੇ,
ਮਹਿਕ ਹੀ ਜੇ ਨਾ ਮਿਲੀ ? ਕੁਝ ਸੋਚ ਲੈ !

ਕੀ ਬਚੇਗਾ ਦੱਸ ਤੂੰ ਮਨਫ਼ੀ ਕੀਤਿਆਂ,
ਜ਼ਿੰਦਗੀ 'ਚੋਂ ਜ਼ਿੰਦਗੀ ? ਕੁਝ ਸੋਚ ਲੈ !





— ਦੋ —

ਰੁੱਖਾਂ ਦੇ ਪੱਤੇ ਕਿਰ ਗਏ ਹਿਕੜੀ 'ਚ ਤਾਲ ਲੈ ।
ਚਿੜੀਆਂ ਦਾ ਚੰਬਾ ਉੱਡ ਗਿਆ ਰੌਣਕ ਨੂੰ ਨਾਲ ਲੈ ।

ਜੂੜੇ 'ਚ ਇਸ ਨੂੰ ਟੰਗ ਲੈ ਤੇ ਜਾਂ ਸਜਾ ਲੈ ਮੇਜ਼ 'ਤੇ,
ਜੰਗਲ 'ਚ ਖਿੜਿਆ ਫੁੱਲ ਹਾਂ ਮੈਨੂੰ ਸੰਭਾਲ ਲੈ ।

ਨਾ ਉਮਰ ਹੈ ਨਾ ਜ਼ੋਰ ਉਹ, ਛੱਡ ਖ਼ਤਰਿਆਂ ਸੰਗ ਖੇਡਣਾ,
ਸਿਰ 'ਤੇ ਜੁ ਬਣੀ ਨਜਿੱਠ ਲੈ ਆਉਂਦੀ ਨੂੰ ਟਾਲ ਲੈ ।

ਜੇ ਸਮੇਂ ਨੂੰ ਬਦਲਾਣ ਦੀ ਸ਼ਕਤੀ ਹੈ ਨਾ ਵਿਉਂਤ,
ਸਮੇਂ ਦੇ ਅਨੁਸਾਰ ਹੀ ਆਪੇ ਨੂੰ ਢਾਲ ਲੈ ।

ਦਿੱਤੀ ਹੈ ਪਹਿਲੋਂ ਆਪ ਹੀ ਹੰਝੂਆਂ ਦੀ ਇਹ ਸੁਗਾਤ,
ਕਰਦੇ ਨੇ ਹੁਣ ਹਮਦਰਦੀਆਂ ਕੀਕਰ ਰੁਮਾਲ ਲੈ ।

ਡਰ ਕੇ ਨੇ ਕੀਕੂੰ ਸਹਿਮੀਆਂ ਰੰਗੀਨ ਮਛਲੀਆਂ,
ਸ਼ਾਇਦ ਕੋਈ ਆਉਂਦਾ ਵੇਖਿਆ ਮੋਢੇ 'ਤੇ ਜਾਲ ਲੈ ।

ਲੱਭਣ ਨੂੰ ਉਂ ਤਾਂ ਲੱਭਤਾਂ ਬੇਸ਼ਕ ਬੇਅੰਤ ਨੇ,
ਪਹਿਲਾਂ ਤੂੰ ਬੰਦੇ ਆਪਣਾ ਆਪਾ ਤਾਂ ਭਾਲ ਲੈ !

ਆਈਆਂ ਹਮੇਸ਼ਾਂ ਵਾਂਗ ਹੀ ਬੂਹੇ 'ਤੇ ਮੁਸ਼ਕਲਾਂ,
ਕਰ ਸੁਆਗਤ ਉੱਠ ਕੇ, ਹੱਸ ਕੇ ਬਿਠਾਲ ਲੈ ।

ਘਰ ਵਿਚ ਹੈ ਚੁੱਪ-ਚਰਾਂ ਤੇ ਕਿੰਨੀ ਇਕੱਲ ਹੈ,
ਇਸ ਖ਼ਲਾਅ ਨੂੰ ਭਰਨ ਲਈ ਚਿੜੀਆਂ ਹੀ ਪਾਲ ਲੈ !





— ਤਿੰਨ —

ਖਾਹਿਸ਼ਾਂ ਦੀਆਂ ਜ਼ੁਲਫਾਂ ਸਾਂਭ ਜ਼ਰਾ
ਗੱਲ ਮੰਨ ਖਰੀ ਮਸਤਾਨੇ ਦੀ ।
ਪੱਬ ਬੋਚ ਸੋਚ ਕੇ ਧਰ ਬੀਬਾ
ਵਿਗੜੀ ਹੈ ਹਵਾ ਜ਼ਮਾਨੇ ਦੀ ।

ਇਹ ਨੈਣ ਕਟਾਰਾਂ ਵਰਗੇ ਹਨ
ਇਹਨਾਂ ਨੂੰ ਸਾਨ ਚੜ੍ਹਾ ਅੜਿਆ,
ਹੁਣ ਘੁੰਡ ਵਿਚ ਲੁਕ ਲੁਕ ਕੀ ਬਲਣਾ
ਭੰਡੀ ਜਦ ਪਈ ਯਰਾਨੇ ਦੀ ।

ਜੇ ਇਕ ਉੱਤੇ ਹੀ ਮਰਨਾ ਹੈ
ਤੇ ਫਿਰ ਵੀ ਸੜਨੋਂ ਡਰਨਾ ਹੈ,
ਇਹ ਹੋਰ ਭਲਾ ਦੱਸ ਹੈ ਹੀ ਕੀ
ਇਹ ਹੋਠੀ ਨਹੀਂ ਪਰਵਾਨੇ ਦੀ ?

ਜੇ ਦਿਲ ਵਿਚ ਹੈ ਕੁਝ ਹੋਰ ਜਿਹਾ
ਤਾਂ ਕੱਢ ਦੇਹ ਦਿਲ 'ਚੋਂ ਚੋਰ ਜਿਹਾ,
ਛੱਡ ਦੇਹ ਇਸ ਜਗਤ-ਰਵੀਰੇ ਨੂੰ
ਇਹ ਰੀਤ ਨਹੀਂ ਦੀਵਾਨੇ ਦੀ ।

ਜੀਕਰ ਵੀ ਜੀਵਾਲੇਂ ਜੀ ਲਾਂਗਾ
ਜਿੰਨੀ ਵੀ ਪਲਾਵੇਂ ਪੀ ਲਾਂਗਾ,
ਮੁਧਿਆ ਦੇਹ ਬੁੱਕ ਵਿਚ ਆਪੇ ਨੂੰ
ਹੁਣ ਲੋੜ ਨਹੀਂ ਪੈਮਾਨੇ ਦੀ ।

ਮੰਦਰ ਨੇ ਲੜ ਪਕੜਾਇਆ ਨਾ
ਨਾ ਰਾਹ ਕੋਈ ਦਿੱਤਾ ਮਸਜਿਦ ਨੇ,
ਭਟਕੇ ਸਾਂ ਕਿਤੇ ਤਾਂ ਜਾਣਾ ਸੀ
ਤਾਂ ਲੋੜ ਪਈ ਮੈਖ਼ਾਨੇ ਦੀ ।

ਸੀ ਲਟ ਲਟ ਬਲਿਆ ਸ਼ਹਿਰ ਜਿਹਾ
ਟੁੱਟਾ ਸੀ ਕੀਕਰ ਕਹਿਰ ਜਿਹਾ,
ਜੰਗਲ ਦੀ ਅੱਗ ਹੀ ਬਣ ਨਿੱਬੜੀ
ਗੱਲ ਅਪਣੇ ਉਸ ਅਫ਼ਸਾਨੇ ਦੀ ।

ਕੁਝ ਫਾਹਿਆ ਸਾਨੂੰ ਜ਼ੁਲਫ਼ਾਂ ਨੇ
ਕੁਝ ਮਾਰ ਮੁਕਾਇਆ ਨੈਣਾਂ ਨੇ,
ਫਿਰ ਮਰਨ ਅਤੇ ਮੁੱਕ ਜਾਵਣ ਲਈ
ਕੀ ਲੋੜ ਸੀ ਕਿਸੇ ਬਹਾਨੇ ਦੀ ?

ਜੇ ਦਿਲ ਲੈਣੈਂ ਲਓ ਸਾਰਾ ਹੀ
ਦੇਣੈਂ ਪਰ ਨਕਦ ਉਧਾਰਾ ਨਹੀਂ,
ਖੁੱਲ੍ਹੇ ਦਿਲ ਲੁੱਟਓ ਦਿਲ ਹੈ ਇਹ
ਇਹ ਹੱਟੀ ਨਹੀਂ ਕਰਿਆਨੇ ਦੀ ।



ਕੀ ਬਦਨ ਉਹਦੇ ਨੂੰ ਛੂਹ ਬੈਠੇ
ਅਸੀਂ ਹੱਥ ਹੀ ਅਪਣੇ ਲੂਹ ਬੈਠੇ,
ਉਹ ਫਿਰ ਵੀ ਸਾਨੂੰ ਪੁੱਛਦੇ ਨੇ
ਕੀ ਲੋੜ ਸੀ ਇਸ ਦਸਤਾਨੇ ਦੀ ?

ਜੇ ਸਿਖ਼ਰ ਦੁਪਹਿਰੇ ਡਾਕੇ ਦਾ
ਪਿਆ ਕੇਸ ਅੱਖਾਂ ਦੇ ਝਾਕੇ ਦਾ,
ਫਿਰ ਚਿੰਤਾ ਕਾਹਦੀ ਕਰਨੀ ਹੈ
ਹੁਣ ਹੋਣ ਵਾਲੇ ਹਰਜਾਨੇ ਦੀ ।

ਫ਼ੱਕਰਾਂ ਦੇ ਸ਼ਹਿਰੀਂ ਵਾਸੇ ਸਨ
ਰੋਹੀਏ ਜਿਉਂ ਹਿਰਨ ਉਦਾਸੇ ਸਨ,
ਲੂੰਆਂ ਦੇ ਤਨ ਮਨ ਲੂਹਿਆਂ ਵੀ
ਗੱਲ ਕਰਦੇ ਸਨ ਸ਼ੁਕਰਾਨੇ ਦੀ ।

— ਚਾਰ —

ਦੋਸਤੀਆਂ ਨੇ, ਬਸ ਏਹੋ ਸਮਝਾਇਆ ਹੈ ।
ਇਹ ਸਾਇਆ ਵੀ ਅਪਣਾ ਨਹੀਂ ਪਰਾਇਆ ਹੈ ।

ਜਿਸ ਰੁੱਖ ਦੀ ਵੀ ਛਾਂਵੇਂ ਜਾ ਕੇ ਬੈਠੇ ਹਾਂ,
ਉਹ ਰੁੱਖੜਾ ਹੀ ਆਪੂੰ ਛਾਂ ਤਿਰਹਾਇਆ ਹੈ ।

ਹਰਫ਼ਾਂ ਅਰਥਾਂ ਨੂੰ ਗਲ ਲਾ ਕੇ ਤੜਪ ਰਿਹਾਂ,
ਮੈਂ ਉਹ ਗੀਤ ਹਾਂ ਜਿਸ ਨੂੰ ਕਿਸੇ ਨਾ ਗਾਇਆ ਹੈ ।

ਬਿਨ ਸਿਰਨਾਵੇਂ ਚਿੱਠੀਆਂ ਲਿਖਦੇ ਮੂੜ੍ਹ ਮਨਾਂ,
ਏਦਾਂ ਵੀ ਕੋਈ ਉੱਤਰ ਮੁੜ ਕੇ ਆਇਆ ਹੈ ?

ਟਿੱਕ ਟਿੱਕ ਟਿਕੀ ਜਾਂ ਟਾਈਮ-ਪੀਸ ਦੀ ਮੈਨੂੰ ਇਹ,
ਬਿਲਕੁਲ ਅਪਣੇ ਵਰਗਾ ਨਜ਼ਰੀਂ ਆਇਆ ਹੈ ।

ਉੱਡਦਾ ਉੱਡਦਾ ਬੱਦਲਾਂ ਤੀਕਰ ਪਹੁੰਚ ਗਿਆ,
ਇਹ ਪੰਛੀ ਤਾਂ ਬਿਜਲੀ ਦਾ ਹਮਸਾਇਆ ਹੈ ।



ਗਿਰਗਟ ਵਾਂਗੂੰ ਰੰਗ ਬਦਲਦਾ ਰਹਿੰਦਾ ਹੈ,
ਦਲ-ਬਦਲੂ ਦਾ ਭੇਤ ਕਿਸੇ ਨਾ ਪਾਇਆ ਹੈ ।

ਬੈਂਤ-ਬਰੂਟੇ ਲਿਫ਼ ਕੇ ਬਚੇ ਹਨੇਰੀ ਤੋਂ,
ਸਾਨੂੰ ਸਾਡੀ ਹੈਂਕੜ ਨੇ ਮਰਵਾਇਆ ਹੈ ।

ਹੱਥ ਦੀਆਂ ਲੀਕਾਂ ਬਦਲ ਨਾ ਸਕਿਆ ਬੰਦਾ ਜਦ,
ਹੱਥ ਸਿਰਜ ਕੇ ਉਸਦੇ ਰੱਬ ਪਛਤਾਇਆ ਹੈ ।



### — ਪੰਜ —

ਸਿਰ ਦੇ ਉੱਤੇ ਮੰਡਲਾਉਂਦੇ ਹਨ ਅੱਜ ਗਿਰਝਾਂ ਦੇ ਸਾਏ ।
ਇਸ ਭੈਅ ਅੰਦਰ ਕੀਕਰ ਕੋਈ ਅਪਣਾ ਆਪ ਬਚਾਏ ?

ਅਮਰ-ਵੇਲ ਬਣ ਰੋਜ਼ੀ ਦਾ ਗ਼ਮ ਹੈ ਰੁੱਖਾਂ ਤੇ ਭਾਰੂ,
ਜੋਬਨ-ਉਮਰੇ ਛੈਲ-ਛਬੀਲੇ ਤਾਂਹੀਓਂ ਤਾਂ ਕੁਮਲਾਏ ।

ਦਫ਼ਤਰ ਤੇ ਘਰ ਦੇ ਵਿਚ ਦੱਸੋ ਕਿਹੜੀ ਰੇਖਾ ਖਿੱਚੀਏ ?
ਘਰ ਵਿਚ ਫ਼ਾਈਲਾਂ, ਦਫ਼ਤਰ ਬੀਵੀ, ਘਰ ਦਫ਼ਤਰ ਹਮਸਾਏ ।

ਏਸ ਭੀੜ ਵਿਚ ਕਿਸ ਅਪਣੇ ਨੂੰ ਮਨ ਦੀ ਵਿਥਿਆ ਕਹੀਏ ?
ਜਿਸ ਦਾ ਅਪਣਾ ਆਪ ਗਵਾਚਾ ਕਿਸ ਨੂੰ ਭਲਾ ਬੁਲਾਏ ?

ਭਟਕਣ, ਤੇਜ਼ੀ, ਚਿੰਤਾ, ਝੋਰਾ, ਕੀ ਕੁਝ ਹੈ ਨਹੀਂ ਪੱਲੇ ?
ਇਸ ਆਪੇ ਵਿਚ ਕੀ ਕੁਝ ਅਪਣਾ ? ਕੁਝ ਵੀ ਸਮਝ ਨਾ ਆਏ ।



### — ਛੇ —

ਨੀਲੀਆਂ ਅੱਖਾਂ, ਬਰਫ਼ਾਨੀ ਰੰਗ, ਕੱਕੇ-ਕਹਿਰੀ ਵਾਲ ।
ਤੁਰਦੇ ਫਿਰਦੇ ਸੜਕਾਂ ਉਤੇ ਕਿਵੇਂ ਸੁਨਹਿਰੀ ਜਾਲ ।

ਜਾਮ ਫੈਲ ਕੇ ਸਾਗਰ ਹੋਇਆ ਡੁੱਬ ਮੋਇਆ ਪਰਦੇਸੀ,
ਸ਼ਾਮ ਉਦਾਸੀ, ਜੱਕੋ-ਤੱਕੀ ਮਾਰ ਗਿਆ ਵਿਚ ਛਾਲ ।

ਪਰਦੇਸਾਂ ਵਿਚ ਰਾਤੀਂ ਕਿਹੜਾ ਹੋਰ ਭਲਾ ਸੀ ਨਾਲ ?
ਰੋ, ਉਸ ਆਪੇ ਹੰਝੂ ਪੂੰਝੇ, ਆਪੇ ਪੁੱਛਿਆ ਹਾਲ ।

ਪੱਤਰਾ ਵਾਚ ਜਾਣ ਜਦ ਪੈਂਦੀ, ਕੰਡ ਵਿਖਾ ਤੁਰ ਜਾਂਦੇ,
ਮਨ-ਮਿੱਤਰਾ ਇਹ ਮਿੱਤਰ ਕਿਜੇਹੇ ਐਵੇਂ ਭਰਮ ਨਾ ਪਾਲ ।

ਪਤਨੀ ਦੇ ਨਾਲ ਧੀ-ਪੁੱਤਾਂ ਨੂੰ ਪਾਉਨੈਂ ਮੋਹ ਦੇ ਪਾਣੀ,
ਮਾਪੇ, ਭੈਣ-ਭਰਾ ਸਭ ਤੁਰਨੇ ਕੋਈ ਨਾ ਨਿਭਣਾ ਨਾਲ ।

ਆਸ਼ਕ ਦਿਲ ਦੇ ਲੋਕੀ ਵੀ ਅੱਜ ਖੁੱਭੇ ਵਿਚ ਸਿਆਸਤ,
ਐਸ ਹਨੇਰੀ ਦੇ ਵਿਚ ਬਣਨੀ ਬਾਣੀ ਇਕੋ ਚਾਲ ।

ਪੋਚ ਪੋਚ ਕੇ ਬੰਨ੍ਹਦੈਂ ਤੈਨੂੰ ਪੱਗ ਹੈ ਬੜੀ ਪਿਆਰੀ,
ਚੰਦਰੀ ਦੁਨੀਆ ਰਹਿਣ ਨ੍ਹੀਂ ਦਿੰਦੀ ਆਪਣੀ ਪੱਗ ਸੰਭਾਲ ।

ਬੋਤਲ ਵਰਗੀ ਭਾਬੀ ਦੇ ਨਾਲ ਨੱਚਦੇ ਮੋਰ ਜਿਹਿਆ,
ਪਤਾ ਨਹੀਂ ? ਕਿ ਪੈਲ ਦੇ ਉੱਤੇ ਕੂਕ ਰਿਹਾ ਹੈ ਕਾਲ ?

ਖ਼ਾਕ ਥਲਾਂ ਦੀ ਛਾਣੀਂ ਐਵੇਂ ਮੂਰਖ ਸ਼ੇਰ ਸ੍ਹਿਆਂ,
ਹੁਣ ਈ ਦੱਸ ਦੇਹ, ਏਥੋਂ ਕੀਹਦੇ ਕੀ ਗਿਆ ਹੈ ਨਾਲ ?





— ਸੱਤ —

ਵੱਖਰਾ ਹੀ ਇਹ ਦਸਤੂਰ ਹੈ ਉਸਦੇ ਪਿਆਰ ਦਾ ।
ਦਿੰਦਾ ਨਾ ਮੈਨੂੰ ਜੀਣ, ਨਾ ਜਾਨੋਂ ਹੀ ਮਾਰਦਾ ।

ਪੈਂਦੇ ਨੇ ਵੇਖੋ ਮੌਤ 'ਚੋਂ ਜੀਵਨ ਦੇ ਝਾਂਵਲੇ,
ਪਤਝੜ ਤੋਂ ਪਿੱਛੋਂ ਕਾਫ਼ਲਾ ਆਵੇ ਬਹਾਰ ਦਾ ।

ਦੋਹਾਂ 'ਚ ਭਾਵੇਂ ਫ਼ਰਕ ਸੀ ਧਰਤੀ ਆਕਾਸ਼ ਦਾ,
ਸੋਹਣਾ ਘਰਾਨਾ ਨਿੱਭ ਗਿਆ ਫੁੱਲ ਦਾ ਤੇ ਖ਼ਾਰ ਦਾ ।

ਜਿਸ ਨੇ ਵੀ ਜਿੱਤਣਾ ਸੋਚਿਆ, ਦੁਨੀਆ ਨੂੰ ਹਾਰਿਆ,
ਦਿਲ ਨੂੰ ਜੋ ਹਾਰਿਆ ਨਹੀਂ, ਡਿੱਠਾ ਨਾ ਹਾਰਦਾ ।

ਡਿੱਗਿਆ ਨਾ ਖਾ ਕੇ ਫੱਟ ਵੀ ਤਿੱਖੀ ਕਟਾਰ ਦੇ,
ਉਠਿਆ ਨਾ ਮੁੜ ਕੇ ਫੱਟਿਆ ਨੈਣਾਂ ਦੀ ਧਾਰ ਦਾ ।

ਉਹ ਜਰਨ ਨੂੰ ਤਾਂ ਜਰ ਗਿਆ ਪੱਥਰ ਸ਼ਰੀਕ ਦੇ,
ਪਰ ਜੇ ਤੂੰ ਫੁੱਲ ਵੀ ਮਾਰਦਾ, ਕਿੱਦਾਂ ਸਹਾਰਦਾ ?

ਜਿੱਦਾਂ ਘਟਾ ਨੂੰ ਤੁੰਬਿਆ ਬਿਜਲੀ ਨੇ ਅਰਸ਼ 'ਤੇ,
ਏਦਾਂ ਨਾ ਕੋਈ ਵੇਖਿਆ ਛਮਕਾਂ ਮੈਂ ਮਾਰਦਾ ।

## — ਅੱਠ —

ਤੜਪੇ, ਨਾ ਕੋਈ ਆਇਆ ਇੰਜ ਵੀ ਰਾਤ ਗਈ ।
ਭਰਦੇ ਰਹੇ ਹੁੰਗਾਰਾ ਪਰ ਨਾ ਬਾਤ ਪਾਈ ।

ਪਿੰਜਰੇ ਵਿਚ ਬੰਦ ਹੋ ਗਏ ਪੰਛੀ ਪੌਣਾਂ ਦੇ,
ਹਾਏ ! ਪੈਰਾਂ ਵਿਚ ਰੋਜ਼ੀ ਦੀ ਜ਼ੰਜੀਰ ਜਹੀ ।

ਧੀਆਂ ਵਰਗੇ ਪੱਤੇ ਕਿਰ ਕਿਰ ਤੁਰੀ ਗਏ,
ਬੁੱਢੇ ਰੁੱਖ ਦੀ ਝੱਖੜਾਂ ਵਿਚ ਨਾ ਪੇਸ਼ ਗਈ ।

ਸਹਿਕ ਸਹਿਕ ਕੇ ਤਾਰੇ ਮਰੇ ਵਿਚਾਰੇ ਜਦ,
ਪਈ ਭਲਾ ਕੀ, ਊਸ਼ਾ ਦੀ ਜੇ ਨਜ਼ਰ ਪਈ ।

ਰੂਪ ਹੰਢਾਇਆ ਪੀਤਾ ਲਟ ਲਟ ਬਲੇ ਬੜੇ,
ਫਿਰ ਭੁੱਖੀ ਦੀ ਭੁੱਖੀ ਜ਼ਿੰਦਗੀ ਅੱਗ ਜਹੀ ।

ਝਿੜਕੋ ਤਾਂ ਰੋ ਪਈਏ, ਆਖੋ ਹੱਸ ਪਈਏ,
ਜਾਨ ਹੈ ਮੇਰੀ ਜਾਨ ! ਤੁਹਾਡੀ ਖੇਲ ਰਹੀ ।

ਰੋਂਦਾ ਸਾਂ ਤਾਂ ਰੋਇਆ, ਉਸ ਦਿਨ ਹੱਸ ਪਿਆ,
ਸ਼ੀਸ਼ੇ ਨੂੰ ਇਕ ਹੱਸ ਕੇ ਜਦ ਮੈਂ ਗੱਲ ਕਹੀ ।



## — ਨੌਂ —

ਚੁੱਪ ਚੁਪੀਤੇ ਇਕ ਹਾਦਸਾ ਇਹ ਕੀ ਵਾਪਰਿਆ ।
ਕਿਣਕਾ ਕਿਣਕਾ ਹੋ ਕੇ ਮੈਂ ਹਾਂ ਕੀਕਰ ਖਿੰਡਰ ਗਿਆ ।

ਵੇਖਣ ਨੂੰ ਤਾਂ ਜੱਗ ਅਪਣਾ ਸੀ ! ਕੀ ਸੀ ਇਸ ਵਿਚ ਅਪਣਾ ?
ਪਰਛਾਵਾਂ ਵੀ ਨਾਲ ਨਾ ਤੁਰਿਆ ਤਾਂ ਇਹ ਭੇਦ ਪਿਆ ।

ਝੂਠੇ ਰਿਸ਼ਤੇ ਕੱਚੀਆਂ ਤੰਦਾਂ ਅਸੀਂ ਤਾਂ ਸਾਂ ਵਣਜਾਰੇ,
ਕੱਚ ਵਣਜਦੇ ਤੁਰੇ ਨਿਮਾਣੇ ਨਾਲ ਨਾ ਕੁਝ ਨਿਭਿਆ ।

ਦੇਸ ਬਿਗ਼ਾਨੇ, ਸ਼ਹਿਰ ਓਪਰੇ ਮੋਹ ਲਈ ਠੂਠਾ ਫੜਿਆ,
ਦਰ ਦਰ ਜਾ ਕੇ ਅਲਖ ਜਗਾਈ ਪਈ ਨਾ ਪਰ ਭਿੱਛਿਆ ।

ਇਹ ਇਕਲਾਪਾ ਅਤੇ ਬੁੱਢਾਪਾ ਨਾ ਸੀ ਚਿੱਤ ਨਾ ਚੇਤੇ,
ਹੁਣ ਮੈਂ ਬੁੱਢਾ ਖੂਹ ਰੋਹੀ ਵਿਚ ਰਾਤੀਂ ਚੀਖ਼ ਰਹਿਆ ।

ਅੱਖ ਦੀ ਝਮਕ ਬੁੱਲ੍ਹਾਂ ਦੀ ਦਬਕਣ ਤੇ ਕੇਸਾਂ ਦੀ ਛਹਿਬਰ,
ਬਾਝ ਇਹਨਾਂ ਸੀ ਜੱਗ ਵਿਚ ਦੱਸਿਓ ਹੋਰ ਭਲਾ ਕੀ ਧਰਿਆ ?

ਝੱਖੜ ਝਾਂਗੀ ਮੀਂਹ ਹਨੇਰੀ ਤੇ ਗੜ੍ਹਿਆਂ ਦੀ ਬਾਰਿਸ਼,
ਕਿਹੜਾ ਦੁੱਖ ਸੀ ਬੁੱਢੇ ਰੁੱਖ ਨੇ ਸਿਰ 'ਤੇ ਨਾ ਜਰਿਆ ?

ਦੇਸ ਪਰਾਇਆ ਸ਼ਾਮ ਉਦਾਸੀ ਜੀਅ ਹੈ ਕਿ ਨਹੀਂ ਲਗਦਾ,
ਗੱਲ ਤਾਂ ਕੋਈ ਖ਼ਾਸ ਨਹੀਂ ਹੈ ਐਵੇਂ ਮਨ ਭਰਿਆ ।

ਵੇਦ ਬਾਣੀ ਦੇ ਸੁੱਚੇ ਮੋਤੀ ਜਾਂ ਗੋਰੀ ਦੀ ਝਾਂਜਰ,
ਇਹਨਾਂ ਵਿਚੋਂ ਹੁਣ ਤਕ ਸਾਥੋਂ ਗਿਆ ਨਾ ਇਕ ਚੁਣਿਆ ।

ਅਸੀਂ ਤਾਂ ਰੁੱਖੜੇ ਜੋ ਸਹਿਰਾ ਵਿਚ ਔੜਾਂ ਰੁੱਤੇ ਉੱਗੇ,
ਫਲ ਤਾਂ ਸਾਨੂੰ ਕੀ ਲੱਗਣਾ ਸੀ, ਫੁੱਲ ਹੀ ਨਾ ਖਿੜਿਆ ।





— ਦਸ —

ਲੰਘੀ ਨਾ ਪੂਰੀ ਰਾਤ ਸੀ ਤਾਰੇ ਖਲੇਰਦੀ ।
ਮੱਥੇ 'ਤੇ ਆਸ ਜਗ ਪਈ ਸੂਹੀ ਸਵੇਰ ਦੀ ।

ਖੰਭਿਆਂ ਤੋਂ ਲਹਿ ਕੇ ਸੜਕ ਤੇ ਤੁਰ ਪਈ ਜਾਂ ਰੌਸ਼ਨੀ,
ਸੂਰਤ ਹੀ ਨੱਸੀ ਸ਼ਹਿਰ 'ਚੋਂ ਚੰਦਰੇ ਹਨੇਰ ਦੀ ।

ਊਂ ਤਾਂ ਸੀ ਰਾਤੀਂ ਨੀਂਦ ਵਿਚ ਬੇਸੁਰਤ ਇਹ ਸਰੀਰ,
ਪਰ ਜਿੰਦ ਰਾਤ ਭਰ ਰਹੀ ਸੁਪਨੇ ਅਟੇਰਦੀ ।

ਛੁਪਣਾ ਕੀ, ਪੂਰਾ ਚੰਨ ਸੀ ਪੁੰਨਿਆ ਦਾ ਅਰਸ਼ 'ਚੋਂ,
ਜ਼ਾਲਮ ਘਟਾ ਜੇ ਝੂਮ ਕੇ ਉਸ ਨੂੰ ਨਾ ਘੇਰਦੀ ।

ਹੋ ਸ਼ਰਮ-ਸੂਹੇ ਵੇਖਿਆ ਨੀਂਦਰ 'ਚੋਂ ਉਠ ਕੇ,
ਬੈਠੀ ਸੀ ਘਰ 'ਚ ਧੁੱਪ ਤਾਂ ਕਿੰਨੀ ਹੀ ਦੇਰ ਦੀ ।

ਪੰਛੀ ਦੇ ਸਾਹਵੇਂ ਖਿੰਡ ਗਿਆ ਕਿਰਨਾਂ ਦਾ ਆਲ੍ਹਣਾ,
ਲੰਘੀ ਹਨੇਰੀ ਥਲਾਂ 'ਚੋਂ ਤੀਲ੍ਹੇ ਬਖੇਰਦੀ ।

ਉੱਡੇ ਜੇ ਮਹਿਕ ਫੁੱਲ ਦੀ, ਉੱਡ ਜਾਣ ਤਿਤਲੀਆਂ,
ਕਿੰਨੀ ਅਜਬ ਹੈ ਬੇਰੁਖ਼ੀ ਮੌਸਮ ਦੇ ਫੇਰ ਦੀ ।

### — ਗਿਆਰਾਂ —

ਰੂਪ-ਲਿਟਾਂ ਦੇ ਬੱਦਲੋਂ ਉੱਠੀ ਅੱਗ ਜਹੀ ।
ਅੰਬਰ ਦੇ ਵਿਚ ਤਾਰੇ ਬਣ ਕੇ ਖਿੰਡਰ ਗਈ ।

ਫੁੱਲ ਪੱਤਾ ਹਰ ਕਲੀ ਕਰੂੰਬਲ ਹੱਸ ਪਈ,
ਬਾਗ਼ 'ਚ ਜਿਸ ਪਲ ਉਸਦੀ ਹਾਸੀ ਨਿਕਲ ਗਈ ।

ਪਰਵਾਨਾ ਕੀ ਭੰਬਟ ਵੀ ਕੋਈ ਆਇਆ ਨਾ,
ਡੁਸਕ ਡੁਸਕ ਕੇ ਸ਼ਮ੍ਹਾ ਵਿਚਾਰੀ ਪਿਘਲ ਗਈ ।

ਕਲ੍ਹ ਪੂਰਬ ਵਿਚ ਸੂਹਾ ਸੂਹਾ ਚਾਨਣ ਸੀ,
ਸੁਬਾਹ ਸਵੇਰੇ ਤੁਸੀਂ ਗਏ ਸੀ ਸੈਰ ਲਈ ?

ਮੈਂ ਵਾਦੀ 'ਚੋਂ ਦਰਿਆ ਬਣ ਕੇ ਸੂਕ ਗਿਆ,
ਭੁੱਲਦੇ ਨਹੀਂ ਪਰ ਕੰਢਿਆਂ ਉਤਲੇ ਰੁੱਖ ਕਈ ।



### — ਬਾਰਾਂ —

ਦਿਹੁੰ ਅਸਾਡੇ ਦਰ ਤੋਂ ਤੁਰ ਗਏ ਖੜੇ ਖੜੇ !
ਰਾਤਾਂ ਹੱਥੋਂ ਤਾਰੇ ਕਿਰ ਗਏ ਫੜੇ ਫੜੇ !!

ਗਲ ਗਲ ਤਾਣੀਂ, ਗ਼ਮ ਦੇ ਪਾਣੀ ਆਣ ਚੜ੍ਹੇ,
ਅਪਣੇ ਵਲੋਂ ਤੁਰੇ ਬਥੇਰਾ ਰੜੇ ਰੜੇ ।

ਹੱਸਦੇ ਕੋਲੇ, ਤੁਰਦੇ ਤੁਰਦੇ ਖੜਦੇ ਸਨ,
ਦੁੱਖ ਦੇ ਵੇਲੇ ਤੁਰ ਗਏ ਸੱਜਣ ਖੜੇ ਖੜੇ ।

ਮੈਖ਼ਾਨੇ ਵਿਚ ਪੀਂਦਾ ਪੰਡਿਤ ਫੜਿਆ ਜਦ,
ਸਿਰ ਵਿਚ ਪਾਣੀ ਪੈ ਗਿਆ ਉਸਦੇ ਘੜੇ ਘੜੇ ।

ਮੈਂ ਜਦ ਸੂਰਜ ਬਣ ਕੇ ਅੰਬਰ ਚੜ੍ਹਿਆ ਤਾਂ,
ਹੱਸੇ ਹਨੇਰੇ ਉਪਰੋਂ ਅੰਦਰ ਸੜੇ ! ਸੜੇ !!

ਸੋਚਾਂ ਫਿਕਰਾਂ ਦੇ ਘੁਣ ਨੇ, ਸਭ ਖਾਧੇ ਨੇ,
ਸੜਕਾਂ 'ਤੇ ਜੋ ਲੋਕ ਫਿਰਨ ਪਏ ਦੜੇ ਦੜੇ ।

ਇਸ ਦੁਨੀਆ ਵਿਚ ਕਿਸ ਦੇ ਸੁਪਨੇ ਤੋੜ ਚੜ੍ਹੇ,
ਤੱਕਣ ਨੂੰ ਤਾਂ ਸੁਪਨੇ ਤੱਕੇ ਬੜੇ ਬੜੇ ।

— ਤੇਰਾਂ —

ਮੁੜ ਗਏ ਅੱਥਰੇ ਵਹਿਣ ਕਿਵੇਂ ਦਰਿਆਵਾਂ ਦੇ ।
ਮੱਠੇ ਪੈ ਗਏ ਬੁੱਲੇ ਤੇਜ਼ ਹਵਾਵਾਂ ਦੇ ।

ਧੀਮੇਂ ਧੀਮੇਂ ਪੈ ਗਏ ਬੁੱਧੀ ਦੇ ਪੈਂਡੇ,
ਲੱਦ ਗਏ ਅੱਥਰੇ ਘੋੜੇ ਉਡਦੇ ਭਾਵਾਂ ਦੇ ।

ਕਮਰ ਦੁਆਲੇ ਬਾਂਹ ਤੇ ਸਫ਼ਰ ਸੁਨਹਿਰੀ ਸੀ,
ਪੰਧ ਦੁਰਾਡੇ ਰਹਿ ਗਏ ਰੰਗਲੇ ਰਾਹਵਾਂ ਦੇ ।

ਬਣੋਵਾਸ ਵਿਚ ਰਾਮ ਉਦਾਸੇ ਫਿਰਦੇ ਨੇ,
ਕੀ ਜੇ ਵਿਚ ਅਯੁੱਧਿਆ, ਰਾਜ ਖੜਾਵਾਂ ਦੇ ।

ਬੁੱਢੀ ਹਿੱਕ ਦਾ ਧੂੰਆਂ ਅੰਬਰ ਸਾੜ ਗਿਆ,
ਜਦੋਂ ਕਹਾਰਾਂ ਚੁੱਕ ਲਏ ਡੋਲੇ ਚਾਵਾਂ ਦੇ ।

ਸ਼ਮਸ਼ਾਨਾਂ ਵਿਚ ਲਾਹਿਆ ਲਾਹ ਕੇ ਚਲੇ ਗਏ,
ਕਿਹੜੀ ਜੂਹ ਤਕ ਨਿੱਭਦੇ ਮਾਣ ਭਰਾਵਾਂ ਦੇ ?

ਪੁੱਤ ਪਰਦੇਸੀ, ਪੰਛੀ ਕੱਲੇ ਵਿਲਕ ਪਏ,
ਹੰਝੀਂ ਹੱਥ ਨਾ ਅਪੜੇ ਮਿੱਠੀਆਂ ਮਾਵਾਂ ਦੇ ।



— ਚੌਦਾਂ —

ਇਕ ਦਿਨ ਅਸਾਂ ਨੇ ਉੱਡਣਾ ਉੱਚੇ ਉਕਾਬ ਵਾਂਗ ।
ਰਾਤਾਂ ਦੇ ਸਿਰ 'ਤੇ ਚਮਕਣਾ ਮਘਦੇ ਮਹਿਤਾਬ ਵਾਂਗ ।

ਹੋਵੇ ਮੁਬਾਰਕ ਤੁਸਾਂ ਨੂੰ ਗੰਗਾ ਦੀ ਮੱਠੀ ਤੋਰ,
ਲਹਿਰਾਂਗਾ ਮੈਂ ਤਾਂ ਝੂਮ ਕੇ ਵਗਦੇ ਚਨਾਬ ਵਾਂਗ ।

ਬਣ ਕੇ ਸਮੁੰਦਰ ਵਗਲਣਾ, ਮੈਂ ਵਿਸ਼ਵ ਦਾ ਸਰੀਰ,
ਬੈਠੇ ਰਹੁ 'ਮੈਂ' ਦੀ ਕੈਦ ਵਿਚ ਤ੍ਰੱਕੇ ਤਲਾਬ ਵਾਂਗ ।

ਗ਼ਮ ਵੀ ਜੇ ਕਿਧਰੇ ਆ ਗਏ ਹੋਣਾ ਨਾ ਫਿਰ ਉਦਾਸ,
ਹੋਠਾਂ ਤੇ ਲਾਉਣੀ ਮੁਸਕਣੀ ਫਿਰ ਵੀ ਖ਼ਿਜ਼ਾਬ ਵਾਂਗ ।

ਫ਼ੁਰਸਤ ਮਿਲੀ ਤਾਂ ਪੜ੍ਹ ਲਈਂ ਕਰਲਾਂਗਾ ਮੈਂ ਉਡੀਕ,
ਹੋਵਾਂਗਾ ਤੇਰੇ ਸਾਹਮਣੇ ਖੁੱਲ੍ਹੀ ਕਿਤਾਬ ਵਾਂਗ ।

ਬੇਸ਼ੱਕ ਹੈ ਮਿਲਣਾ ਖ਼ਾਕ ਵਿਚ ਸੋਨੇ ਦਾ ਇਹ ਸਰੀਰ,
ਆਵਾਂਗਾ ਤੈਨੂੰ ਯਾਦ ਮੈਂ ਤੜਕੇ ਦੇ ਖ਼ਾਬ ਵਾਂਗ ।

ਮੇਰੇ ਕਮਾਏ ਨਾਮ ਨੂੰ, ਮੈਨੂੰ ਪਤਾ ਹੈ ਮੇਰੇ ਬਾਅਦ,
ਮੇਰੇ ਹੀ ਘਰ ਦੇ ਪੀਣਗੇ, ਮੁਫ਼ਤੀ ਸ਼ਰਾਬ ਵਾਂਗ ।

### — ਪੰਦਰਾਂ —

ਗ਼ਮੀਂ ਨਾ ਐਵੇਂ ਮਰਿਆ ਕਰ ।
ਘੁੱਗੀਏ ! ਧੀਰਜ ਧਰਿਆ ਕਰ ।

ਮੌਸਮ ਆਉਣੇ ਜਾਣੇ ਹਨ,
ਏਨਾ ਵੀ ਨਾ ਠਰਿਆ ਕਰ ।

ਗ਼ਮ ਤਾਂ ਬੱਦਲਾਂ ਵਰਗੇ ਹਨ,
ਅੜੀਏ ਅੱਖ ਨਾ ਭਰਿਆ ਕਰ ।

ਦੁੱਖ ਸਿਰਾਂ 'ਤੇ ਆਰੇ ਹਨ,
ਸਿੰਘਾਂ ਵਾਂਗੂੰ ਜਰਿਆ ਕਰ ।

ਜਦ ਸਰਪਰ ਹੈ ਮਰਨਾ ਹੀ,
ਮਰਨੋਂ ਮੂਲ ਨਾ ਡਰਿਆ ਕਰ ।

ਅਪਣੀ ਤਾਂ ਹਰ ਹਰਦਾ ਹੈ,
ਪੀੜ ਬਿਗਾਨੀ ਹਰਿਆ ਕਰ ।

ਤੂੰ ਕਿੰਝ ਬੁੱਢਾ ਹੋ ਸਕਦੈਂ ?
ਦਾਹੜੀ ਕਾਲੀ ਕਰਿਆ ਕਰ !



### — ਸੋਲ੍ਹਾਂ —

ਖ਼ਬਰੇ ਕਦ ਤਕ ਵਗਦੇ ਜਾਣਾ ਸੂਕਦਿਆਂ ਦਰਿਆਵਾਂ ?
ਨਾ ਜਿਨ੍ਹਾਂ ਦਾ ਪਤਾ-ਟਿਕਾਣਾ ਨਾ ਪੱਕਾ ਸਿਰਨਾਵਾਂ ।

ਲੰਡਨ ਅਤੇ ਟਰਾਂਟੋ ਨਿੱਕੇ, ਇਕ ਭੋਰਾ ਨਿਊਯਾਰਕ,
ਸਾਡੇ ਲਈ ਤਾਂ ਵੱਡੇ ਸਾਡੇ ਮੋਗਾ ਤੇ ਜਗਰਾਵਾਂ ।

ਸ਼ਾਮ ਉਦਾਸੀ ਵਿਚ ਪਰਦੇਸੀ ਜਾਮ ਭਰਨ ਭਰ ਰੋਵਣ,
ਸੱਥ ਵਿਚ ਬੁੱਢੇ ਬਾਪ ਚਿਤਾਰਨ ਬੂਹਿਆਂ ਦੇ ਵਿਚ ਮਾਵਾਂ ।

ਕੌਣ ਖਿਡੌਣੇ ਨਾਲ ਭਲਾ ਇਹ ਅੱਥਰਾ ਮਨ ਵਰਚਾਈਏ,
ਲੱਖ ਖਿਡੌਣੇ ਤਨ ਦੇ ਹਾਣੀ ਮਨ ਦਾ ਇਕ ਨਾ ਸਾਵਾਂ ।

ਸਤ ਕੇ ਜਦ ਇਕਲਾਪੇ ਕੋਲੋਂ ਸ਼ੀਸ਼ੇ ਸਾਹਵੇਂ ਰੋਏ,
ਤਕ ਤਕ ਭੁੱਬੀਂ ਰੋਇਆ ਸਾਨੂੰ ਸਾਡਾ ਹੀ ਪਰਛਾਵਾਂ ।

ਨਾ ਕੋਈ ਹੋਤ ਕਹਾਰ ਨਾ ਕੋਈ ਕਿਸੇ ਨਾ ਲੁੱਟਿਆ ਸਾਨੂੰ,
ਅਸੀਂ ਤਾਂ ਖੜੇ-ਖੜੋਤੇ ਲੁੱਟ ਲਏ ਆਪਣੇ ਚੰਦਰੇ ਚਾਵਾਂ ।

ਪਰਦੇਸਾਂ ਦੇ ਲੰਬੇ ਪੈਂਡੇ ਕਿਸ ਆਉਣਾ ਕਿਸ ਜਾਣਾ ?
ਐਵੇਂ ਝੂਠੇ ਪੈਣਾ ਕੁਰਲਾਅ ਬੈਠ ਬਨੇਰੇ ਕਾਵਾਂ ।

ਮੇਲੇ ਦੇ ਅਲਗੋਜ਼ੇ ਹੁਣ ਤਾਂ ਸੱਪ ਬਣ ਕੇ ਲੜ ਜਾਂਦੇ,
ਜਦ ਸੁਪਨੇ ਵਿਚ ਗਾਹੀਏ ਯਾਰੋ ਉਹ ਮੇਲੇ ਦੀਆਂ ਥਾਵਾਂ ।

'ਪਿੰਡ ਦਿਓ ਮੁੰਡਿਓ ! ਦੋ ਟਿੱਕੀਆਂ ਲਈ ਐਵੇਂ ਵਤਨ ਨਾ ਤਜਿਓ',
ਕੰਦਿਆਂ ਉਤੇ ਲਿਖ ਪਰਦੇਸੀ, ਵਹਿ ਗਏ ਵਿਚ ਝਨਾਵਾਂ !





— ਸਤਾਰਾਂ —

ਰੰਗਾਂ ਦਾ ਵਗਦਾ ਦਰਿਆ ਸੁੱਕਦਾ ਸੁੱਕਦਾ ਸੁੱਕ ਗਿਆ ।
ਰੋ ਪਏ ਖੜ ਕੰਢੇ 'ਤੇ ਫਿਰ ਆਪੇ ਆਪਾ ਲਿਆ ਵਰਾ ।

ਅੰਬਰ ਵਿਚ ਪੰਛੀ ਉਡਦਾ ਤੇਰੇ ਵਾਂਗੂੰ ਚਹਿਕ ਪਿਆ,
ਸੱਚੀਂ ਮੈਨੂੰ ਲੱਗਿਆ ਇਉਂ, ਜਿਉਂ ਤੂੰ ਮੈਨੂੰ ਕੁਝ ਕਿਹਾ ।

ਚੰਗੇ ਰੰਗੀਂ ਵਸਦੇ ਸਾਂ, ਦਿਲ ਨੇ ਸਾਨੂੰ ਮਾਰ ਲਿਆ,
ਡੁੱਬ ਮਰਿਆ ਵਿਚ ਇਸ਼ਕ ਝਨਾਂ ਹਟਕ ਰਿਹਾ ਮੈਂ ਰੋਕ ਰਿਹਾ ।

ਰਾਤ ਹਨੇਰੀ ਡਰ ਲਗਦਾ, ਆ ਤੂੰ ਮੇਰੇ ਕੋਲੇ ਆ,
ਚੰਦਰੀ ਚੁੱਪ ਭਿਆਨਕ ਹੈ, ਅੱਜ ਮੈਨੂੰ ਕੋਈ ਬਾਤ ਸੁਣਾ ।

ਪੱਤੇ ਖੜ-ਖੜ ਕਰਦੇ ਹਨ, ਰਹਿੰਦੇ ਹਨ ਕਿ ਝੜਦੇ ਹਨ ?
ਅੱਜ ਨਿਤਾਰਾ ਹੋਵੇਗਾ ਵਗਦੀ ਕਿੰਨੀ ਤੇਜ਼ ਹਵਾ ।

ਕਲ੍ਹ ਜੋ ਚੁੰਗੀਆਂ ਭਰਦਾ ਸੀ, ਹੱਸ ਹੱਸ ਚੁਗਦਾ ਚਰਦਾ ਸੀ,
ਕਿਸੇ ਸ਼ਿਕਾਰੀ ਫੁੰਡ ਲਿਆ ਉਹ ਚਿਤਕਬਰਾ ਮਿਰਗ ਜਿਹਾ ।

ਸੱਤ ਰੰਗਾਂ ਦੀ ਪੀਂਘ ਜਹੀ ਬੱਦਲ ਦੇ ਸੰਗ ਲਿਪਟ ਗਈ,
ਬਿਜਲੀ ਵੀ ਕੋਈ ਸੌਂਕਣ ਸੀ ਕਿੰਨੀ ਉਸ 'ਤੇ ਹੋਈ ਖ਼ਫ਼ਾ ।

ਤਪਦੇ ਥਲ 'ਚੋਂ ਆਇਆ ਹਾਂ ਹਫ਼ਿਆ ਤੇ ਤਿਰਹਾਇਆ ਹਾਂ,
ਤੂੰ ਯਾਰਾ ਫੁੱਲ ਵਰਗਾ ਹੈਂ ਮਹਿਕਾਂ ਦੀ ਇਕ ਘੁੱਟ ਪਿਲਾ ।

ਹੱਸਦਾ ਹੱਸਦਾ ਰੋ ਪੈਨੈਂ, ਰੋਂਦਾ ਹੀ ਖ਼ੁਸ਼ ਹੋ ਪੈਨੈਂ,
ਇਹ ਤੂੰ ਕਿੱਦਾਂ ਕਰਦਾ ਹੈਂ ? ਮੈਨੂੰ ਵੀ ਇਹ ਵੱਲ ਸਿਖਾ ।

ਗਈ ਜਵਾਨੀ, ਜਾਣੀ ਸੀ, ਵਗਦੇ ਹੜ੍ਹ ਦਾ ਪਾਣੀ ਸੀ,
ਅੰਬਰ ਦੇ ਵਿਚ ਉਡਦੇ ਸਾਂ, ਇਸ ਦਾ ਵੀ ਸੀ ਅਜਬ ਨਸ਼ਾ ।





— ਅਠਾਰਾਂ —

ਅਸੀਂ ਰਾਤਾਂ ਵਿਚ ਚਮਕੇ ਸਿਤਾਰਿਆਂ ਦੇ ਵਾਂਗ ।
ਉਡੇ ਅੰਬਰਾਂ 'ਚ ਰੰਗਲੇ ਗੁਬਾਰਿਆਂ ਦੇ ਵਾਂਗ ।

ਕਾਲੇ ਸਾਗਰਾਂ 'ਚ ਠਿਲ੍ਹ ਅਸਾਂ ਛੱਡਿਆ ਨਾ ਦਿਲ,
ਲਹਿਰਾਂ ਆਉਂਦੀਆਂ ਵੀ ਜਾਪੀਆਂ ਕਿਨਾਰਿਆਂ ਦੇ ਵਾਂਗ ।

ਤੇਜ਼ ਤਿੱਖੀਆਂ ਹਵਾਵਾਂ ਲੱਖ ਦਿਤੀਆਂ ਸਲਾਹਵਾਂ,
ਅਸਾਂ ਇਕ ਵੀ ਨਾ ਮੰਨੀ ਝੂਠੇ ਲਾਰਿਆਂ ਦੇ ਵਾਂਗ ।

ਕਾਲੇ ਚੀਰ ਕੇ ਹਨੇਰੇ ਜਦੋਂ ਚੁੰਮ ਲਏ ਸਵੇਰੇ,
ਸਾਡਾ ਅੰਗ ਅੰਗ ਲਾਲ ਸੀ ਅੰਗਾਰਿਆਂ ਦੇ ਵਾਂਗ ।

ਅਸੀਂ ਬੁੱਲ੍ਹ ਰੱਖੇ ਸੀਤੇ, ਭੋਰਾ ਸੀਅ ਵੀ ਨਾ ਕੀਤੀ,
ਦੁੱਖ ਸਿਰਾਂ ਉਤੇ ਚੱਲੇ ਭਾਵੇਂ ਆਰਿਆਂ ਦੇ ਵਾਂਗੂੰ ।

ਜਿਹੜੇ ਰਾਤੀਂ ਸੀ ਡਰਾਉਂਦੇ ਸਾਨੂੰ ਖਾਣ ਨੂੰ ਸੀ ਆਉਂਦੇ,
ਦਿਨੇ ਰੁੱਖ ਮਿਲੇ ਮਿੱਤਰਾਂ ਪਿਆਰਿਆਂ ਦੇ ਵਾਂਗ ।

ਬੂਹਾ ਖੜਕਾਇਆ ਪੌਣ ਅਸੀਂ ਬੋਲ ਉਠੇ 'ਕੌਣ' ?
ਲੱਗਾ ਬੁੱਲਾ ਬੁੱਲਾ ਤੇਰਿਆਂ ਹੁੰਗਾਰਿਆਂ ਦੇ ਵਾਂਗ ।

ਸਾਡੇ ਕਦਮਾਂ ਹਜ਼ੂਰ ਡਿੱਗਾ ਮਹਿਲਾਂ ਦਾ ਗਰੂਰ,
ਲੱਗੇ ਜਿਨ੍ਹਾਂ ਨੂੰ ਸਾਂ ਅਸੀਂ ਨੀਵੇਂ ਢਾਰਿਆਂ ਦੇ ਵਾਂਗ ।

ਅਸੀਂ ਜਿੱਤ ਕੇ ਤਾਂ ਜਿੱਤੇ, ਅਸੀਂ ਹਾਰ ਕੇ ਵੀ ਜਿੱਤੇ,
ਤੁਸੀਂ ਹਾਰ ਕੇ ਤਾਂ ਹਾਰੇ ਜਿੱਤੇ ਹਾਰਿਆਂ ਦੇ ਵਾਂਗ ।





## — ਉੱਨੀਂ —

ਮੈਂ ਹੁਣ ਗੀਤਾਂ ਨੂੰ ਲਿਖਦਾ ਹਾਂ ਤੇਰੇ ਲਈ
ਇਹ ਮੈਂ ਖ਼ੁਦ ਨੂੰ ਸੁਣਾਨਾਂ ਤਿਰੇ ਵਾਸਤੇ ।
ਹੁਣ ਜੇ ਤੂੰ ਹੀ ਨਹੀਂ, ਨਾ ਹੁੰਘਾਰਾ ਤਿਰਾ,
ਫਿਰ ਵੀ ਮੈਂ ਗੁਣਗੁਣਾਨਾਂ ਤਿਰੇ ਵਾਸਤੇ ।

ਉਹ ਜੁ ਰੰਗਲੇ ਦਿਹੁੰ ਮੇਰੇ ਹੱਥੋਂ ਕਿਰੇ
ਯਾਦ ਕਰਦਾਂ ਉਹਨਾਂ ਨੂੰ ਇਹ ਦਿਲ ਨਾ ਵਿਰੇ,
ਮੈਂ ਤਮੰਨਾ ਤੇਰੀ ਲਈ ਹਸਾਨਾਂ ਇਹਨੂੰ
ਤੇ ਮੈਂ ਇਸਨੂੰ ਵਰਾਨਾਂ ਤਿਰੇ ਵਾਸਤੇ ।

ਭਲਾ ਕਾਹਦੀ ਹੈ ਉਸ ਫੁੱਲ ਦੀ ਜ਼ਿੰਦਗੀ
ਜਿਹਦੀ ਹਿੱਕੜੀ 'ਚੋਂ ਉੱਡ ਜਾਏ ਖ਼ੁਸ਼ਬੋ ਉਹਦੀ,
ਇਹਦੀ ਹਰ ਪੱਤੀ ਤੇਰੀ ਅਮਾਨਤ ਜੁ ਹੈ
ਮੈਂ ਇਸ ਫੁੱਲ ਨੂੰ ਬਚਾਨਾਂ ਤਿਰੇ ਵਾਸਤੇ ।

ਕਿਸੇ ਰੰਗਲੀ ਜਹੀ ਸ਼ਾਮ ਕੋਈ ਬੱਦਲੀ ਵਰ੍ਹੇ
ਕਿੰਨਾ ਹੀ ਚਿੱਤ ਜਾਮ ਪੀਣ ਨੂੰ ਕਰੇ,
ਮੈਂ ਯਾਦ ਤੇਰੀ ਮਿੱਠੀ ਜਹੀ ਘੂਰੀ ਕਰਾਂ
ਝੱਲੇ ਦਿਲ ਨੂੰ ਹਟਾਨਾਂ ਤਿਰੇ ਵਾਸਤੇ ।

ਤੂੰ ਮੁੜ ਕੇ ਨਹੀਂ ਆਉਣਾ ਹੈ ਏਨੀ ਖ਼ਬਰ
ਇਹ ਵੀ ਆਪਣੇ ਸੰਗ ਕੇਹਾ ਹੈ ਧੋਖਾ ਮਗਰ,
ਕਿ ਮੈਂ ਨੈਣਾਂ ਦੇ ਦੀਵੇ ਜਗਾਈ ਹੀ ਰੱਖਣਾਂ
ਇਹ ਵਿਹੜਾ ਸਜਾਨਾਂ ਤਿਰੇ ਵਾਸਤੇ ।

ਰੁੱਸੀ ਜੇ ਜ਼ਿੰਦਗੀ ਤਾਂ ਹੋਇਆ ਹੀ ਕੀ ?
ਇਸ ਪਿਛੋਂ ਮੌਤ ਵੀ ਤਾਂ ਆਵੇਗੀ ਹੀ,
ਮੌਤ ਪਿਛੋਂ ਮਿਲਣੇ ਦਾ ਮੇਰੇ ਲਈ ਕਾਫ਼ੀ
ਹੈ ਇਕੋ ਬਹਾਨਾ ਤਿਰੇ ਵਾਸਤੇ ।

ਕੀ ਜੇ ਗ਼ਮੀਆਂ ਨੇ ਭਰਿਆ ਹੈ ਦਾਮਨ ਮਿਰਾ
ਮੈਂ ਹੱਸਦਾ ਰਹਾਂ ਸੀ ਇਹ ਸੁਪਨਾ ਤਿਰਾ,
ਹੁਣ ਇਹ ਹੰਝੂ ਵੀ ਮੈਨੂੰ ਤਿਰੀ ਦੇਣ ਹਨ
ਅੱਜ ਮੈਂ ਜਿਹੜੇ ਛੁਪਾਨਾਂ ਤਿਰੇ ਵਾਸਤੇ ।





## — ਵੀਹ —

ਰੰਗ ਭਰੀਏ ਹੋਰ ਬਹਾਰਾਂ ਵਿਚ ।
ਸੰਗੀਤ ਸਮੋਂ ਦੀਆਂ ਤਾਰਾਂ ਵਿਚ ।

ਜੀਵਨ ਹੈ ਮਿੱਤਰੋ ਖੇਡ ਜਿਹਾ,
ਉਲਝੋ ਨਾ ਜਿੱਤਾਂ ਹਾਰਾਂ ਵਿਚ ।

ਫੁੱਲਾਂ ਤੋਂ ਸਿੱਖੋ ਜਿਉਣ ਦਾ ਵੱਲ,
ਮੁਸਕਾਂਦੇ ਹਨ ਜੋ ਖ਼ਾਰਾਂ ਵਿਚ ।

ਰੋਣਾ ਤਾਂ ਰੋਵੋ ਹੋਰ ਕਿਤੇ,
ਰੋਣਾ ਕੀ ਯਾਰੋ ਯਾਰਾਂ ਵਿਚ ।

ਜੀਵਨ ਤਾਂ ਫਿਰ ਵੀ ਮਰਦਾ ਨਹੀਂ,
ਲੱਖ ਚਿਣ ਵੇਖੋ ਦੀਵਾਰਾਂ ਵਿਚ ।

ਨਹੀਂ ਦੂਰ ਕਿਨਾਰਾ ਹੋ ਸਕਦਾ,
ਹੋਵੇ ਜੇ ਸੁਤ ਪਤਵਾਰਾਂ ਵਿਚ ।

ਹੋ ਪੁਰਜ਼ਾ ਪੁਰਜ਼ਾ ਕਟ ਮਰਦੇ,
ਚਲਦੀ ਹੈ ਰੀਤ ਪਿਆਰਾਂ ਵਿਚ ।

ਝੱਟ ਲੁੜਕ ਪਵੇਗਾ ਮਨ-ਪੰਛੀ,
ਜਦ ਪਿਆ ਗੁਲੇਲਾ ਡਾਰਾਂ ਵਿਚ ।

ਤੁਸੀਂ ਰੋਂਦੇ ਪਏ ਓ ਪੱਤਝੜ ਨੂੰ,
ਅਸੀਂ ਫੂਕੇ ਗਏ ਬਹਾਰਾਂ ਵਿਚ !





## — ਇੱਕੀ —

ਚੱਲ ਚਲੀਏ ਮਨਾਂ ਕਿ ਉਸ ਰੰਗਲੇ ਗਰਾਂ ।
ਜਿਥੇ ਰੁੱਖ ਮਿੱਤਰਾਂ ਦੀ ਠੰਢੀ ਮਿੱਠੀ ਜਹੀ ਛਾਂ ।

ਜਿਹਦੇ ਗਗਨਾਂ 'ਚ ਵਫ਼ਾ ਵਾਲੀ ਸਤਰੰਗੀ ਪੀਂਘ,
ਜਿੱਥੇ ਝੂਮ ਝੂਮ ਵਗਦਾ ਏ ਮੋਹ ਦਾ ਝਨਾਂ ।

ਜਿਹਦੀ ਗੋਰੀ ਗੋਰੀ ਧੁੱਪ ਵਿਚ ਦੋਸਤੀ ਦਾ ਨਿੱਘ,
ਜਿਹਦਾ ਮਿੱਠਾ ਜਿਹਾ ਨਾਂ, ਹੈ ਮਹਿਬੂਬ ਦਾ ਹੀ ਨਾਂ ।

ਜਿਥੇ ਓਦਰੇ ਜਹੇ ਗੀਤਾਂ ਦਾ ਵੀ ਲਗਦਾ ਏ ਜੀ,
ਜਿਥੇ ਇਕ ਇਕ ਹੰਝੂ ਨੂੰ ਵੀ ਮਿਲਦਾ ਨਿਆਂ ।

ਜਿਥੇ ਮਿੱਤਰਾਂ ਦੇ ਬੁੱਲ੍ਹਾਂ ਉਤੇ ਹਾਸਿਆਂ ਦੇ ਫੁੱਲ,
ਜਿਹਦੀ ਵਾਸ਼ਨਾ ਦੀ ਹਾਣੀ ਕੋਈ ਵਾਸ਼ਨਾ ਵੀ ਨਾ ।

ਜਿਥੇ ਧੀਮੇ ਧੀਮੇ ਬੋਲ ਜਾਂਦੇ ਮਿਸ਼ਰੀ ਨੇ ਘੋਲ,
ਸਾਡੇ ਮਹਿਰਮ ਉਹ ਚੁੱਪ ਦੀ ਵੀ ਜਾਣਦੇ ਜ਼ੁਬਾਂ ।

ਜਾਈਏ ਤੱਕਣੀ 'ਚ ਘੁਲ, ਗਲਵੱਕੜੀ 'ਚ ਗੁੰਮ,
ਕਿਤੇ ਚੁੰਮਣਾਂ ਤੋਂ ਮਿੱਠਾ ਲੰਘ ਜਾਏ ਨਾ ਸਮਾਂ ।

## — ਬਾਈ —

ਅੱਜ ਦਾ ਮੌਸਮ ਯਾਰੋ ਮੇਰਾ ਹਾਣੀ ਹੈ ।
ਇਸ ਨੇ ਮੇਰੇ ਮਨ ਦੀ ਗੱਲ ਪਛਾਣੀ ਹੈ ।

ਲੈ ਗਈ ਹਵਾ ਉਡਾ ਕੇ ਸੁੱਕੇ ਪੱਤਿਆਂ ਨੂੰ,
ਕਮਜ਼ੋਰਾਂ ਨੇ ਇਹ ਹੀ ਜੂਨ ਹੰਢਾਣੀ ਹੈ ।

ਛੱਡੋ ਜੰਨਤ, ਦੋਜ਼ਖ਼ ਮੈਨੂੰ ਭੇਜ ਦਿਓ,
ਅੱਗ ਖਾਧੀ ਹੈ ਤੇ, ਮੈਂ ਅੱਗ ਹੀ ਖਾਣੀ ਹੈ ।

ਇਕੋ ਰੁੱਖ ਸਹਿਰਾ ਵਿਚ ਉਹ ਵੀ ਚਲ ਵਸਿਆ,
ਤਾਂ ਹੀ ਤਾਂ ਅੱਜ ਉਸਦੀ ਅੱਖ ਵਿਚ ਪਾਣੀ ਹੈ ।

ਬਾਰਿਸ਼ ਪਿਛੋਂ ਫਿਰ ਓਵੇਂ ਤਿਰਹਾਈਆਂ ਨੇ,
ਸੜਕਾਂ ਦੀ ਵੀ ਸਾਡੇ ਜਿਹੀ ਕਹਾਣੀ ਹੈ ।

ਗਲਵੱਕੜੀ 'ਚੋਂ ਹਸਦੇ ਹਸਦੇ ਨਿਕਲ ਗਏ,
ਬੋਲੇ, ਛੱਡਿਓ ਕਾਹਨੂੰ ਗੱਲ ਵਧਾਣੀ ਹੈ ।



ਮਿਰਗਾਂ ਦੇ ਪਰਛਾਵੇਂ ਫੜ ਫੜ ਸਮਝ ਪਈ,
ਕੀ ਕੀਤਾ ? ਬਸ ਰੇਤ ਥਲਾਂ ਦੀ ਛਾਣੀ ਹੈ ।

ਆਉਂਦੀ ਹੈ ਤੇ ਠੁੱਠ ਵਿਖਾ ਕੇ ਤੁਰ ਜਾਂਦੀ,
ਇਸ ਜੰਗਲ ਦੀ ਹਰ ਰੁੱਤ ਹੀ ਮਰ-ਜਾਣੀ ਹੈ ।

ਸਾਗਰ ਦੀ ਹਿੱਕ ਤਰਦੀਏ ਲਹਿਰੇ ਭੁੱਲੀਂ ਨਾ,
ਹੋਂਦ ਤੇਰੀ ਵੀ ਸਾਗਰ ਵਿਚ ਸਮਾਣੀ ਹੈ ।



— ਤੇਈ —

ਪਾਸੇ ਪੁੱਠੇ ਪੈ ਗਏ ਜਦ ਤਕਦੀਰਾਂ ਦੇ ।
ਕੋਲ ਖੜੇ ਨਾ ਸਾਏ ਵੀ ਹਮਸ਼ੀਰਾਂ ਦੇ !!

ਨਾਲ ਧਮਾਕੇ ਉੱਡ ਗਈ ਖਿੱਦੋ ਜ਼ਿੰਦਗੀ ਦੀ,
ਗਗਨ 'ਚ ਉਡਦੇ ਫਿਰਦੇ ਪੁਰਜ਼ੇ ਲੀਰਾਂ ਦੇ ।

ਤੁਰ ਗਏ ਰੁੱਖ ਸੁਹਾਵੇ ਕੱਲਰ-ਖੇਤਾਂ 'ਚੋਂ,
ਤੋੜ ਨਿਭਾਅ ਗਏ ਬੂਟੇ ਜੰਡ ਕਰੀਰਾਂ ਦੇ ।

'ਸਦਾ ਨਾ ਰੁੱਖ ਤੇ ਬਹਿਣਾ ਪੰਛੀ ਦੂਰ ਦਿਆ',
ਗੂੰਜਣ ਵਿਚ ਹਵਾਵਾਂ ਬੋਲ ਫਕੀਰਾਂ ਦੇ ।

ਕੀਮਤ ਫਿਰ ਵੀ ਕੁਝ ਪੈਂਦੀ ਹੈ ਜਿਸਮਾਂ ਦੀ,
ਕਿੰਨੇ ਸਸਤੇ ਯਾਰੋ ਮੁੱਲ ਜ਼ਮੀਰਾਂ ਦੇ ।

'ਸ਼ਾਹ ਹੁਸੈਨਾਂ ਕੈਂ ਬਾਗ਼ੇ ਦੀ ਮੂਲੀ ਤੂੰ',
ਚੁੱਕੀ ਗੱਲ ਕੱਵਾਲਾਂ ਤਕੀਏ ਪੀਰਾਂ ਦੇ ।

ਸੋਨ ਸਰੀਰਾ ਚੁੰਗੀਆਂ ਭਰ ਲੈ ਚਾਰ ਦਿਹੁੰ,
ਮੋਢੇ ਚੜ੍ਹ ਤੁਰ ਜਾਣਾ ਹੈ ਚਹੁੰ ਵੀਰਾਂ ਦੇ ।



— ਚੌਵੀ —

ਜਦ ਦੇ ਅਸੀਂ ਲਿਆਏ ਵਸਤਰ ।
ਲਾਹੇ, ਲਾਹ ਲਾਹ ਪਾਏ ਵਸਤਰ ।

ਝਿਲਮਿਲ ਝਿਲਮਿਲ ਕਰਦੇ ਸਨ,
ਨਵੇਂ ਨਵੇਂ ਜਦ ਆਏ ਵਸਤਰ ।

ਕੀ ਨਾ ਸੁਣਿਆ ਲੋਕਾਂ ਕੋਲੋਂ ?
ਪਹਿਨੇ ਜਦੋਂ ਪਰਾਏ ਵਸਤਰ ।

ਉਸ ਚੰਨ ਵਰਗੇ ਮੁੱਖੜੇ ਉਤੇ,
ਕਾਲੇ ਘਨੀਅਰ ਛਾਏ ਵਸਤਰ ।

ਵਰ੍ਹਦੇ ਮੀਂਹ ਵਿਚ ਏਦਾਂ ਭਿੱਜੇ,
ਸੰਗੇ ਤੇ ਸ਼ਰਮਾਏ ਵਸਤਰ ।

ਰੰਗਾਂ ਵਿਚ ਡੁੱਬੇ ਨੇ ਭਾਵੇਂ,
ਫਿਰ ਵੀ ਨੇ ਤਿਰਹਾਏ ਵਸਤਰ ।

ਤੱਕ ਕੇ ਮੇਰਾ ਢੋਇਆ ਬੂਹਾ,
ਤੁਰ ਗਏ ਭਰੇ ਭਰਾਏ ਵਸਤਰ ।

ਦੌਲਤ ਨੇ ਜਦ ਲਾਹੇ ਤਨ ਤੋਂ,
ਰੋਏ ਤੇ ਕੁਰਲਾਏ ਵਸਤਰ ।

ਚਾਰ ਦਿਨਾਂ ਦੇ ਸਾਥੀ ਨੇ ਬਸ,
ਇਹ ਦਿਸਦੇ ਹਮਸਾਏ ਵਸਤਰ ।

ਪਹਿਨ ਨਵੇਂ ਪਛਤਾਵੋਗੇ ਫਿਰ,
ਰਹਿਣੇ ਧਰੇ ਧਰਾਏ ਵਸਤਰ ।





— ਪੰਛੀ —

ਕਿਤੇ ਆ ਮਿਲ ਯਾਰ ਸਲੋਨੜਿਆ !
ਹੁਣ ਧੀਰਜ ਧਰਿਆ ਨਹੀਂ ਜਾਂਦਾ ।
ਆ ਲਟ ਲਟ ਕਰਕੇ ਬਲ ਲਈਏ
ਇਉਂ ਧੁਖ ਧੁਖ ਮਰਿਆ ਨਹੀਂ ਜਾਂਦਾ ।

ਇਹ ਅੱਖੀਆਂ ਹਨ ਜਾਂ ਝੀਲਾਂ ਹਨ
ਦਿਲ ਜਿਹਨਾਂ ਦੇ ਵਿਚ ਉੱਤਰ ਗਿਆ,
ਹੁਣ ਡੁੱਬਦੇ ਹਾਂ ਨਹੀਂ ਡੁੱਬ ਹੁੰਦਾ
ਤਰਦੇ ਹਾਂ ਤਰਿਆ ਨਹੀਂ ਜਾਂਦਾ ।

ਹੁਣ ਦਿਹੁੰ ਵੀ ਸੱਖਣੇ ਸੱਖਣੇ ਹਨ
ਰਾਤੀਂ ਵੀ ਸਿਤਾਰੇ ਨਹੀਂ ਚੜ੍ਹਦੇ,
ਕਿਰ ਚੱਲੀ ਜਿੰਦ ਉਦਰੇਵੇਂ ਵਿਚ
ਹੌਕਾ ਵੀ ਭਰਿਆ ਨਹੀਂ ਜਾਂਦਾ ।

ਅੱਖੀਆਂ 'ਚੋਂ ਸਾਵਣ ਵਰ੍ਹਦਾ ਹੈ
ਮੌਸਮ ਵੀ ਛਮ ਛਮ ਰੋਂਦਾ ਹੈ,
ਇਹ ਰੁੱਤ ਕਿਜੇਹੀ ਚੰਦਰੀ ਹੈ
ਗ਼ਮ ਦਿਲ ਤੋਂ ਜਰਿਆ ਨਹੀਂ ਜਾਂਦਾ ।

ਮੈਂ ਖਾਲੀ ਕੋਈ ਗਲਾਸ ਜਿਹਾ
ਤੂੰ ਯਾਰਾ ਨਿਰਾ ਸ਼ਰਾਬ ਜਿਹਾ,
ਆ ਨਿੱਘ ਨਾਲ ਭਰ ਦੇ ਹਿੱਕੜੀ ਨੂੰ
ਰਾਤਾਂ ਨੂੰ ਠਰਿਆ ਨਹੀਂ ਜਾਂਦਾ ।

ਇਸ ਖ਼ਾਮੋਸ਼ੀ ਨੇ ਖਾ ਜਾਣਾ
ਮੈਨੂੰ ਤਨਹਾਈ ਨੇ ਪੀ ਜਾਣਾ,
ਇਕ ਵੇਰੀ ਓਵੇਂ ਹੱਸ ਆ ਕੇ
ਹੁਣ ਸਬਰ ਹੀ ਕਰਿਆ ਨਹੀਂ ਜਾਂਦਾ ।

ਹੈ ਅੱਥਰਾ ਸਮਾਂ ਝਨਾਂ ਵਗਦਾ
ਤੂੰ ਠਿੱਲ ਆ ਲਹਿਰਾਂ 'ਤੇ ਚੜ੍ਹ ਕੇ,
ਜੇ ਵਣਜ ਵਣਜੀਏ ਇਸ਼ਕੇ ਦੇ
ਲਹਿਰਾਂ ਤੋਂ ਡਰਿਆ ਨਹੀਂ ਜਾਂਦਾ ।





— ਛੱਬੀ —

ਡਿੱਠਾ ਸੀ ਜਿਸਦਾ ਚੰਨ ਮੂੰਹ ਅਰਸ਼ਾਂ ਨੂੰ ਭਾਲ ਕੇ ।
ਓਵੇਂ ਹੀ ਉਸਦੀ ਯਾਦ ਵੀ ਰੱਖਣੀ ਸੰਭਾਲ ਕੇ ।

ਪਾਲੇ ਸੀ ਜਿਹੜੇ ਰੁੱਖ ਮੈਂ ਅਪਣੇ ਹੀ ਖ਼ੂਨ ਨਾਲ,
ਸੜਕਾਂ 'ਤੇ ਮੈਨੂੰ ਘੂਰਦੇ ਅੱਖਾਂ ਵਿਖਾਲ ਕੇ ।

ਪੰਡਤ ਜੀ ਮੈਥੋਂ ਆਸ ਨਾ ਰੱਖੋ ਸ਼ਰਾਬ ਦੀ,
ਹਾਂ, ਕੱਢ ਲਓ ਜੇ ਲੋੜ ਹੈ ਸਾਗਰ ਹੰਘਾਲ ਕੇ ।

ਐਵੇਂ ਨਾ ਸੂਹਾ ਰੰਗ ਇਹ ਉਸ ਦੇ ਪਿਆਰ ਦਾ,
ਇਸ ਨੂੰ ਪਕਾਇਆ ਉਮਰ ਮੈਂ ਹੱਡਾਂ ਨੂੰ ਜਾਲ ਕੇ ।

ਦੱਸੋ ਮੈਂ ਉਸ ਕਿਸਾਨ ਦੀ ਕਿਸਮਤ ਨੂੰ ਕੀ ਕਹਾਂ ?
ਰੋਟੀ ਜੋ ਮੰਗਦਾ ਹੋਰ ਤੋਂ ਕਣਕਾਂ ਨੂੰ ਪਾਲ ਕੇ ।

ਚਾਨਣ ਨੇ ਉਹ ਹੀ ਬੀਜਦੇ, ਵੱਢ ਕੇ ਹਨੇਰ ਨੂੰ,
ਫਾਲੇ ਜੋ ਬਣਨ, ਆਪਣੇ ਜਿਸਮਾਂ ਨੂੰ ਢਾਲ ਕੇ ।

ਵਿੰਹਦੇ ਹੀ ਉਸਨੂੰ ਭੁੱਲਿਆ ਵਿਥਿਆ ਮੈਂ ਪੀੜ ਦੀ,
ਚਾਹੁੰਦਾ ਸਾਂ ਜਿਹੜੀ ਦੱਸਣੀ ਸਾਹਵੇਂ ਬਿਠਾਲ ਕੇ ।

ਏਨੀ ਵੀ ਉਹਦੀ ਆਖ ਕੀ ਕਰਨੀ ਸੀ ਇਉਂ ਉਡੀਕ,
ਬੈਠੇ ਹਾਂ ਉਸਦੀ ਯਾਦ ਵਿਚ ਨੈਣਾਂ ਨੂੰ ਬਾਲ ਕੇ ।

ਸੂਰਜ ਨੇ ਆਉਂਦਿਆਂ ਹੀ ਉਸ ਤਾਰੇ ਨੂੰ ਚੁੱਕ ਲਿਆ,
ਤੜਕੇ ਸੀ ਰਾਤ ਤੁਰ ਗਈ ਜਿਸਨੂੰ ਸੁਆਲ ਕੇ ।





— ਸਤਾਈ —

ਬੁੱਢੇ ਰੁੱਖ ਦੇ ਡਿੱਗਦੇ, ਘਰ 'ਚੋਂ ਉੱਡ ਪੁੱਡ ਗਈਆਂ ਛਾਂਵਾਂ ।
ਹਰ ਨੁੱਕਰ ਵਿਚ ਡੇਰਾ ਪਾਇਆ ਹੈ ਤਪਦੇ ਸਹਿਰਾਵਾਂ ।

ਉਸ ਦਿਨ ਪਿਛੋਂ ਕਦੇ ਕਿਸੇ ਤੇ ਮੈਂ ਨਾ ਸ਼ਿਕਵਾ ਕੀਤਾ,
ਛਲ ਕੇ ਮੈਨੂੰ ਤੁਰਿਆ ਜਿਸ ਦਿਨ ਮੇਰਾ ਹੀ ਪਰਛਾਵਾਂ ।

ਕਿਸ ਗੋਦੀ ਵਿਚ ਬਹਿ ਕੇ ਦਿਲ ਨੂੰ ਹੌਲਾ ਕਰਨ ਤੇ ਡੁਕਸਣ,
ਜਿਹੜੇ ਪੁੱਤਰਾਂ ਨੂੰ ਛੱਡ ਤੁਰੀਆਂ ਖੁਦ ਨਿਰਮੋਹੀਆਂ ਮਾਵਾਂ ।

ਵਿਛੜਨ ਲੱਗਿਆਂ ਜਦ ਉਸ ਮੇਰਾ, ਥਾਉਂ ਟਿਕਾਣਾ ਪੁੱਛਿਆ,
ਕੀ ਦਸਦਾ ਮੈਂ ਉਸਨੂੰ, ਉਡਦੇ ਬੱਦਲਾਂ ਦਾ ਸਿਰਨਾਵਾਂ ?

ਦੁਸ਼ਮਣੀਆਂ ਦੇ ਫੱਟਾਂ ਸੰਗ ਤਾਂ ਜੀ ਲੈਂਦੇ ਇਕ ਉਮਰਾ,
ਸਾਨੂੰ ਤਾਂ ਬਸ ਜੀਣ ਨਾ ਦਿੱਤਾ ਦੋਸਤੀਆਂ ਦੇ ਘਾਵਾਂ ।

ਸੋਹਣੀ ਇਕ ਝਨਾਂ ਵਿਚ ਡੁੱਬੀ ਕਿੰਨੀ ਹਲਚਲ ਹੋਈ,
ਹਰ ਸੋਹਣੀ ਦੇ ਨੈਣਾਂ 'ਚੋਂ ਅੱਜ ਦੋ ਦੋ ਵਗਣ ਝਨਾਵਾਂ ।

ਕੂੜ ਗਿਲਾ ਹੈ ਵੈਰੀ ਉਤੇ, ਵੈਰੀ ਕੋਈ ਨਾ ਸੱਜਣ,
ਖ਼ੁਦ ਬੰਦੇ ਨੂੰ ਬੂਹਿਓਂ ਚੁੱਕਣਾ ਉਸਦੇ ਸਕੇ ਭਰਾਵਾਂ ।

ਮਨ ਪਰਦੇਸੀ ਇਕ-ਰਸ ਹੋ ਕੇ ਕਰ ਜੀਵਨ ਦਾ ਪੈਂਡਾ,
ਸਦਾ ਨਾ ਧੁੱਪ ਦੀ ਅੱਗ ਨੇ ਵਰ੍ਹਨਾ ਸਦਾ ਨਾ ਠੰਢੀਆਂ ਛਾਂਵਾਂ ।

ਜਿਉਂਦੇ ਜੀ ਸ਼ਮਸ਼ਾਨਾਂ ਕੋਲੋਂ ਡਰ ਡਰ ਲੰਘਦੇ ਲੋਕੀ,
ਮਰਿਆਂ ਇਹ ਹੀ ਗੋਦ ਲੈਂਦੀਆਂ ਮਾਵਾਂ ਜਿਹੀਆਂ ਥਾਵਾਂ ।





— ਅਠਾਈ —

ਜਦ ਤੋਂ ਅਪਣੇ ਕਮਰੇ ਵਿਚ ਮੈਂ ਲਾਈਆਂ ਨੇ ਤਸਵੀਰਾਂ ।
ਉਸ ਦਿਨ ਤੋਂ ਹੀ ਕਮਰੇ ਉਤੇ ਛਾਈਆਂ ਨੇ ਤਸਵੀਰਾਂ ।

ਕਦੇ ਉਦਾਸ ਪਲਾਂ ਵਿਚ ਇਹਨਾਂ ਮੈਨੂੰ ਹੈ ਪਰਚਾਇਆ ।
ਮੈਂ ਵੀ ਏਵੇਂ ਕਦੇ ਕਦੇ ਪਰਚਾਈਆਂ ਨੇ ਤਸਵੀਰਾਂ ।

ਤਨਹਾਈ ਵਿਚ ਜਦੋਂ ਕਦੇ ਮੈਂ 'ਵਾਜ਼ ਕਿਸੇ ਨੂੰ ਮਾਰੀ,
ਚੌਖਟਿਆਂ 'ਚੋਂ ਨਿਕਲ ਕੇ ਇਹ ਆਈਆਂ ਨੇ ਤਸਵੀਰਾਂ ।

ਤਸਵੀਰਾਂ ਦੇ ਰੰਗਾਂ ਨੂੰ ਹੈ ਕੌਣ ਸੂਝ ਨੇ ਵਰਿਆ,
ਕਿਹੜੀ ਸੋਚ ਨੇ ਧੁਰ ਤੋਂ ਧੁਰ ਤਕ ਪਾਈਆਂ ਨੇ ਤਸਵੀਰਾਂ ?

ਇਹਨਾਂ ਦੀ ਗਰਮੀ ਨੇ ਮੇਰੇ ਯਖ਼ ਕੱਕਰ ਜੇ ਭੰਨੇ,
ਠਰੀਆਂ ਹੋਈਆਂ ਮੈਂ ਵੀ ਤਾਂ ਗਰਮਾਈਆਂ ਨੇ ਤਸਵੀਰਾਂ ।

ਰੰਗ ਜ਼ਮਾਨੇ ਭਰ ਦੇ ਇਹਨਾਂ ਵਿਚ ਭਰ ਭਰ ਕੇ ਵੇਖੇ,
ਫਿਰ ਵੀ ਪਹਿਲਾਂ ਵਾਂਗੂੰ ਹੀ ਤਿਰਹਾਈਆਂ ਨੇ ਤਸਵੀਰਾਂ ।


ਉਂਞ ਤਾਂ ਅਪਣੇ ਕਮਰੇ ਵਿਚ ਤਸਵੀਰਾਂ ਲਾਵਣ ਸਾਰੇ,
ਰਾਸ ਕਿਸੇ ਨੂੰ ਦੱਸੋ ਜੇਕਰ ਆਈਆਂ ਨੇ ਤਸਵੀਰਾਂ ।

ਉਸ ਦਿਨ ਮੇਰਾ ਕਮਰਾ ਮੈਨੂੰ ਖਾਣ ਲਈ ਹੀ ਆਇਆ,
ਜਿਸ ਦਿਨ ਅਪਣੇ ਕਮਰੇ 'ਚੋਂ ਮੈਂ ਲਾਹੀਆਂ ਨੇ ਤਸਵੀਰਾਂ ।

ਕੀ ਆਖਾਂ ਇਹ ਚੰਗਾ ਹੋਇਆ ਜਾਂ ਕੁਝ ਹੋਇਆ ਮੰਦਾ,
ਜਦ ਬਾਜ਼ਾਰ 'ਚ ਮੇਰੇ ਸੰਗ ਟਕਰਾਈਆਂ ਨੇ ਤਸਵੀਰਾਂ ।

ਦਫ਼ਤਰ ਦੇ ਵਿਚ ਅਫ਼ਸਰ ਕਦੇ ਨਾ, ਕੰਮ ਦਾ ਸ਼ਿਕਵਾ ਕੀਤਾ
ਜਦ ਵੀ ਉਸ ਵੱਲ ਹੱਸੀਆਂ ਤੇ ਸ਼ਰਮਾਈਆਂ ਨੇ ਤਸਵੀਰਾਂ ।

ਹਾਕਮ ਦੇ ਮਨ ਭੁੱਖ ਵਸੀ ਹੈ ਤਸਵੀਰਾਂ ਮਾਣਣ ਦੀ,
ਆਪਣੀ ਕੋਠੀ ਚੁਣ ਚੁਣ ਉਸ ਮੰਗਵਾਈਆਂ ਨੇ ਤਸਵੀਰਾਂ ।





## — ਉਨੱਤੀ —

ਜਿਹੜੇ ਬਾਗ਼ 'ਚ ਕਲ੍ਹ ਤਕ ਖਿੜੀਆਂ ਕਲੀਆਂ ਸਨ ਮੁਸਕਾਨ ਦੀਆਂ ।
ਅੱਜ ਉਹਨਾਂ ਹੀ ਥਾਂਵਾਂ ਅੰਦਰ ਚੁੱਪਾਂ ਨੇ ਸ਼ਮਸ਼ਾਨ ਦੀਆਂ ।

ਮੁੱਦਤ ਹੋਈ ਮੋਢਾ ਦੇ ਕੇ ਚੁੱਕਿਆ ਜਿਸ ਦੀ ਅਰਥੀ ਨੂੰ,
ਅੱਜ ਤਕ ਮੇਰੇ ਵਿਹੜੇ ਵਿਚ ਨੇ ਪੈੜਾਂ ਉਸ ਮਹਿਮਾਨ ਦੀਆਂ ।

ਜੰਗਲ ਦੇ ਹਰ ਬਿਰਛ ਦੇ ਗਲ ਵਿਚ 'ਚੁੱਪ ਰਹੋ' ਦੀ ਤਖ਼ਤੀ ਹੈ,
ਪੰਛੀ ਵੀ ਅਜ ਸਹਿਮੇ ਗੱਲਾਂ ਸੁਣ ਸ਼ਾਹੀ ਫ਼ੁਰਮਾਨ ਦੀਆਂ ।

ਕਲ੍ਹ ਹੀ ਸੌਂਹਾਂ ਖਾਂਦੇ ਸਨ ਜੋ ਕਾਲਾ ਸਾਗਰ ਤਰਨ ਦੀਆਂ,
ਦੋ ਲਹਿਰਾਂ ਲੰਘ ਅੱਜ ਉਹਨਾਂ ਨੂੰ ਬਣ ਗਈਆਂ ਨੇ ਜਾਨ ਦੀਆਂ ।

ਸੱਚ ਪੁੱਛੋਂ ਤਾਂ ਰੱਬ ਦਿਆ ਬੰਦਿਆ, ਤੂੰ ਪਤਾਲੀਂ ਨਿੱਘਰ ਗਿਐਂ,
ਆਖਣ ਨੂੰ ਤਾਂ ਛੋਹ ਲਈਆਂ ਨੇ ਤੈਂ ਸਿਖਰਾਂ ਅਸਮਾਨ ਦੀਆਂ ।

ਅੱਜ ਅਪਣੇ ਗ਼ਮ, ਖਾਰੀ ਪਾ ਕੇ ਸੜਕਾਂ ਕੰਢੇ ਬੈਠੇ ਹਨ,
ਗੱਲੀਂ ਬਾਤੀਂ ਜੋ ਹਰਦੇ ਸਨ ਪੀੜਾਂ ਕੁਲ ਜਹਾਨ ਦੀਆਂ ।

ਠੀਕਰੀਆਂ ਨੇ ਰੋ ਰੋ ਦੱਸੀ ਵਿਥਿਆ ਸੂਹੀ ਮਟਕੀ ਦੀ,
ਇਕ ਉਮਰਾ ਜੋ ਕਰ ਕਰ ਭੱਜੀ ਗੱਲਾਂ ਖ਼ੁਦੀ ਗੁਮਾਨ ਦੀਆਂ ।

ਉਡਦੇ ਪੰਛੀ ਦਾ ਪਰਛਾਵਾਂ ਪਲ ਦੋ ਪਲ ਹੀ ਮਿਲਿਆ ਸੀ,
ਹੁਣ ਤਕ ਥਲ ਹੈ ਗੱਲਾਂ ਕਰਦਾ ਉਸਦੇ ਇਸ ਅਹਿਸਾਨ ਦੀਆਂ !

— ਤੀਹ —

ਕੀ ਇਸ ਦਾ ਇਤਬਾਰ ਭਲਾ ।
ਮੌਸਮ ਕਿਸ ਦਾ ਯਾਰ ਭਲਾ ?

ਕਰ ਕੋਈ ਗੱਲ ਪਿਆਰੀ ਜਹੀ,
ਜੇ ਹੈ ਤੈਨੂੰ ਪਿਆਰ ਭਲਾ ।

ਪੱਥਰਾ ! ਦਿਲ ਤੇ ਪੱਥਰ ਹੈ,
ਦਿਲ ਤੇ ਕਿਉਂ ਨਹੀਂ ਭਾਰ ਭਲਾ।

ਕਲ੍ਹ ਬਾਜ਼ਾਰ 'ਚ ਨਿਕਲੇ ਕਿਉਂ,
ਬਣ ਕੇ ਤੇਜ਼ ਕਟਾਰ ਭਲਾ ?

ਖਾਣ ਦੇਹ ਇਹਨਾਂ ਨੂੰ ਫੁੱਲਾ,
ਖ਼ਾਰ ਜੇ ਖਾਂਦੇ ਖਾਰ ਭਲਾ ।

ਸੀਸ ਤਲੀ 'ਤੇ ਧਰਿਆ ਹੈ,
ਰੱਖ ਭਾਵੇਂ ਤੇ ਮਾਰ ਭਲਾ ।

ਪਿੱਪਲਾ ! ਦਿਨ ਹਨ ਤੇਰੇ ਤੇ,
ਤੀਆਂ ਦੇ ਹੀ ਚਾਰ ਭਲਾ !



— ਇਕੱਤੀ —

ਚੁੱਪ ਚੁਪੀਤਾ ਬੱਦਲ ਵਾਦੀ ਉਤੋਂ ਗੁਜ਼ਰ ਗਿਆ ।
ਲੰਘਦੇ ਹੀ ਪਰ ਹੰਝੂ ਹੰਝੂ ਹੋ ਕੇ ਬਰਸ ਪਿਆ ।

ਉਸ ਰੁੱਖ ਕੋਲੋ ਪੰਛੀ ਦੱਸੀ ਦੁੱਖਾਂ ਦੀ ਵਿਥਿਆ,
ਜਿਸਦਾ ਆਪਣਾ ਝੱਖੜ ਦੇ ਵਿਚ ਪੱਤਾ ਨਾ ਬਚਿਆ ।

ਇਕ ਮਿੱਤਰ ਦੀਆਂ ਗੱਲਾਂ ਸਾਨੂੰ ਛਮਕਾਂ ਵਾਂਗੂੰ ਲੱਗੀਆਂ,
ਕਦੇ ਨਾ ਏਨਾ ਤਨ ਲੁੱਛਿਆ ਸੀ ਮਨ ਨਾ ਸੀ ਭਰਿਆ ।

ਤੂਫ਼ਾਨਾਂ ਨਾਲ ਘੁਲ ਰਾਤੀਂ ਉਹ ਬੇਫ਼ਿਕਰਾ ਹੋ ਸੁੱਤਾ,
ਲਹਿਰਾਂ ਆਖਣ ਧੰਨ ਨੀ ਅੜੀਓ ਬਾਬਲ ਦਾ ਜਿਗਰਾ ।

ਡੁੱਬਣ ਪਿਛੋਂ ਲਾਸ਼ ਤਾਂ ਲੋਕਾਂ ਦੇ ਹੱਥ ਆ ਗਈ ਯਾਰੋ,
ਉਸ ਦੀਆਂ ਅੱਖਾਂ ਵਿਚ ਡੁੱਬਾ ਪਰ ਸ਼ਾਇਰ ਨਾ ਮਿਲਿਆ ।

ਚੰਨ ਸਿਤਾਰੇ ਰੌਸ਼ਨੀਆਂ ਮੈਂ ਸਭ ਝੋਲੀ ਵਿਚ ਪਾਏ,
ਮਨ ਬਸ ਸਾਡਾ ਜ਼ਿਦੀਆ ਬੱਚਾ ਕਿਥੇ ਇਹ ਵਿਰਿਆ ।

ਬਾਣੀ ਵਰਗੇ ਸੁੱਚੇ ਸਾਨੂੰ ਮਿੱਤਰਾਂ ਦੇ ਸਿਰਨਾਵੇਂ,
ਵੱਖਰੀ ਗੱਲ ਹੈ ਕਦੇ ਕਿਸੇ ਨੂੰ ਖ਼ਤ ਨਾ ਹੁਣ ਲਿਖਿਆ !

## — ਬੱਤੀ —

ਕਤਰ ਕਿਰਨ ਦੀ ਚਮਕੀ ਜਦੋਂ ਬਨੇਰੇ 'ਤੇ ।
ਕੀ ਕੀ ਨਾ ਤਦ ਗੁਜ਼ਰੀ ਘੁੱਪ ਹਨੇਰੇ 'ਤੇ ।

ਤਾਰੇ ਅੰਬਰ ਜੜੇ ਭਲਾ ਘੱਟ ਪਿਆਰੇ ਸਨ ?
ਐਂਵੇਂ ਸਾਡੀ ਰੀਝ ਸੀ ਸੋਨ-ਸਵੇਰੇ 'ਤੇ ।

ਉਸ ਤੋਂ ਸਤ ਕੇ ਮੈਂ ਪੱਥਰ ਗਲ ਲਿਪਟ ਗਿਆ,
ਬੜਾ ਵਿਚਾਰਾ ਰੋਇਆ ਉਹ ਦੁੱਖ ਮੇਰੇ 'ਤੇ ।

ਚੂਰ ਹੋ ਗਿਆ ਨਵੇਂ ਸਾਲ ਦਾ ਸ਼ੀਸ਼ਾ ਜਦ,
ਟੁਕੜਾ ਟੁਕੜਾ ਹੱਸ ਪਿਆ ਤਦ ਤੇਰੇ 'ਤੇ

ਕੀ ਅਜ਼ਮਾ ਕੇ ਤੱਕਣਾ ਸਾਨੂੰ ਵਾਏ ਤੂੰ,
ਸਦਕੇ ਗਏ ਤੂਫ਼ਾਨ ਵੀ ਸਾਡੇ ਜੇਰੇ 'ਤੇ ।

ਮਰਦਾ ਰਿਹਾ ਜ਼ਮਾਨਾ ਸਾਰਾ ਸਾਡਾ 'ਤੇ,
ਅਸੀਂ ਮਰੇ ਤਾਂ ਮਰ ਬੈਠੇ ਇਕ ਤੇਰੇ 'ਤੇ ।

ਕਾਲਾ ਧਨ ਸਭ ਚਿੱਟਾ ਕਰ ਲਿਆ ਧਨੀਆਂ ਨੇ
ਇਕ ਪਾਰਟੀ ਕਰ ਕੇ 'ਰੈਣ ਬਸੇਰੇ' ਤੇ ।



## — ਤੇਤੀ —

ਲਹਿਰਾਂ ਨੇ ਜਦ ਰੋਲਿਆ ਚੰਨ ਦਾ ਪਰਛਾਵਾਂ ।
ਖੁਰਿਆ ਸਾਰੀ ਝੀਲ ਵਿਚ ਉਸ ਦਾ ਸਿਰਨਾਵਾਂ ।

ਰੁੱਖ ਉਦਾਸੇ ਮੌਲ ਪਏ ਨਸ਼ਿਆਏ ਝੂੰਮੇ,
ਵਰ੍ਹੀਆਂ ਜਦ ਸਿਰ ਜੋੜ ਕੇ ਘਨਘੋਰ ਘਟਾਵਾਂ ।

ਹੁੰਦੇ ਪੱਟੇ ਹਵਾ ਦੇ ਰੁੱਖ ਜੜ੍ਹਾਂ ਲਗਾਉਂਦੇ,
ਸਾਨੂੰ ਤਾਂ ਪਰ ਪੱਟਿਆ ਹੈ ਸ਼ੋਖ਼ ਅਦਾਵਾਂ ।

ਇਕ ਇਕ ਕਰ ਕੇ ਹੰਸ ਦਿਨਾਂ ਦੇ ਉੱਡਦੇ ਜਾਂਦੇ,
ਰੁਕਦੀ ਨਾ ਇਹ ਡਾਰ ਹਾਏ ਲੱਖ ਬਣਤ ਬਣਾਵਾਂ ।

ਅਕਸ ਆਪਣੇ ਨਾਲ ਲੜੇ ਮੱਥਾ ਭੰਨਵਾਵੇ,
ਦੱਸੋ ਮੈਂ ਉਸ ਚਿੜੀ ਨੂੰ ਕੀਕਰ ਸਮਝਾਵਾਂ ।

ਅਪਣੇ ਅਪਣੇ ਆਖ ਘਰਾਂ ਵਿਚ ਵਸੀਏ-ਰਸੀਏ,
ਹੋਰਾਂ ਹਿੱਸੇ ਆਉਣੀਆਂ ਕਲ੍ਹ ਇਹ ਹੀ ਥਾਵਾਂ ।

ਆਇਆ ਹੈਂ, ਨਾ ਆ ਰਿਹੈਂ, ਨਾ ਹੀ ਤੈਂ ਆਉਣੈਂ,
ਐਵੇਂ ਝੱਲਿਆਂ ਵਾਂਗ ਨਿਮਾਣੇ ਤੱਕੀਏ ਰਾਹਵਾਂ ।

ਛੰਡੇ ਉਸ ਨੇ ਜਦੋਂ ਨਹਾ ਕੇ ਕੇਸ ਸੁਨਹਿਰੀ,
ਟੁੱਟੀਆਂ ਇਕੋ ਵਾਰ ਅਸਾਂ ਤੇ ਲੱਖ ਬਲਾਵਾਂ ।

ਅਮਰ ਵੇਲ ਦੇ ਵਾਂਗ ਪਹਿਲੋਂ ਰੁੱਖ ਦੀ ਰੱਤ ਪੀਤੀ,
ਇਸ ਤੋਂ ਹੀ ਫਿਰ ਭਾਲਦੇ ਹੋ ਠੰਢੀਆਂ ਛਾਵਾਂ ?





— ਚੌਂਤੀ —

ਹਰ ਬੂਹੇ 'ਤੇ ਲੋਕੀਂ ਆਪਣੀ ਨੇਮ ਪਲੇਟ ਲਗਾਵਣ ।
ਫਿਰ ਖ਼ਬਰੇ ਕਿਉਂ ਪਰਦੇ ਲਾ ਲਾ ਅਪਣਾ ਆਪ ਛੁਪਾਵਣ ।

ਕਮਰੇ ਵਿਚ ਤਸਵੀਰਾਂ ਸੰਗ ਵੀ ਦੁੱਖ ਸੁਖ ਕਰ ਕਰ ਰੋਂਦੇ
ਪਰ ਸੜਕਾਂ 'ਤੇ ਨਿਕਲਣ ਵੇਲੇ ਫੁੱਲ ਬਣ ਕੇ ਮੁਸਕਾਵਣ ।

ਘਰ ਵਿਚ ਮਨੀ-ਪਲਾਂਟ ਵਧਾ ਕੇ ਦਿਲ ਨੂੰ ਢਾਰਸ ਦੇਂਦੇ,
ਪਾਸ ਬੁੱਕਾਂ ਨੂੰ ਫੋਲਣ ਤਾਂ ਇਹ ਆਪੇ ਤੋਂ ਸ਼ਰਮਾਵਣ ।

ਅੰਦਰ ਇਕ ਖ਼ਲਾਅ ਹੈ ਜਿਹੜਾ ਇਹ ਨਾ ਯਾਰੋ ਭਰਦਾ,
ਕੰਧਾਂ ਉਤੇ ਸੀਨਰੀਆਂ ਲਾ ਕਮਰੇ ਲੱਖ ਸਜਾਵਣ ।

ਉਪਰੋਂ ਅਪਣਾ ਆਪ ਸਜਾ ਕੇ ਜੱਗ ਨੂੰ ਧੋਖਾ ਦੇਂਦੇ,
ਨਵੇਂ ਪ੍ਰਿੰਟਾਂ ਹੇਠਾਂ ਇਹ ਜੁ ਭੁੱਖੇ ਪੇਟ ਲੁਕਾਵਣ ।

ਨਿੰਦਿਆ ਦੀ ਕਾਲਖ਼ ਸੰਗ ਅਪਣਾ ਤਨ ਮਨ ਕਰਦੇ ਮੈਲਾ,
ਫਿਰ ਚਿਹਰੇ 'ਤੇ ਪ੍ਰਸੰਸਾ ਦਾ ਝੂਠਾ ਪਾਊਡਰ ਲਾਵਣ ।

ਏਸ ਸ਼ਹਿਰ ਦੇ ਦਿਨ ਕਾਲੇ ਤੇ ਰੌਸ਼ਨ ਯਾਰੋ ਰਾਤਾਂ,
ਏਸ ਸ਼ਹਿਰ ਦੇ ਲੋਕੀਂ ਏਥੇ ਉਲਟੀ ਗੰਗ ਵਹਾਵਣ ।

## — ਪੈਂਤੀ —

ਸੱਜੇ ਖੱਬੇ ਲਿਸ਼ਕਦੀਆਂ ਨੇ ਲੱਖ ਕਟਾਰਾਂ ।
ਮਨ ਮਿਰਜ਼ਾ ਨਾ ਜਾਗਦਾ, ਨਾ ਵੇਖੇ ਵਾਹਰਾਂ ।

ਅੱਥਰੀ ਬੱਕੀ ਸਮੇਂ ਦੀ ਨੇ ਉਡਦੀ ਜਾਣਾ,
ਸਹਿਬਾਂ ਦੇ ਮਨ ਕੂੜੀਆਂ ਨੇ ਸੋਚ ਵਿਚਾਰਾਂ ।

ਕਿੰਨਾ ਕੁ ਚਿਰ ਕਰੇਗਾ ਸਿਰ ਛਾਂ ਜੰਡੋਰਾ ?
ਦੋ ਪਲ ਵੀ ਨਾ ਅਟਕਣਾ ਕੀ ਲੰਮੀਆਂ ਠਾਹਰਾਂ ?

ਭਰਿਆ ਤਰਕਸ਼ ਟੰਗਿਆ ਹੈ ਮੂਲੋਂ ਖ਼ਾਲੀ,
ਝੂਠੇ ਮਾਨ-ਗੁਮਾਨ ਵਿਚ ਭੁੱਲੀਆਂ ਨੇ ਸਾਰਾਂ ।

ਦੋ-ਚਿੱਤੀ ਵਿਚ ਸੋਚਦੀ ਬਹਿ ਵਫ਼ਾ ਵਿਚਾਰੀ,
ਰੂਹ ਦਾ ਹਾਣ ਬਚਾ ਲਵਾਂ ਕਿ ਵੀਰ-ਬਹਾਰਾਂ ।

ਰਹਿ ਰਹਿ ਲੋਹਾ ਖੜਕਿਆ ਜਦ ਧਰਤੀ ਉੱਤੇ,
ਕਿੰਗਰੇ ਚਕਨਾਚੂਰ ਜਿੱਤਾਂ ਝਵੀਆਂ ਵਿਚ ਹਾਰਾਂ ।



ਹੱਸਣ ਖ਼ੁਦਾ ਫਰੇਸ਼ਤੇ ਅਸਮਾਨਾਂ ਵਿਚੋਂ,
ਕਿਥੇ ਗਿਆ ਗਰੂਰ ਅਤੇ ਉਹ ਫੋਕੀਆਂ ਟਾਹਰਾਂ ?

ਨੌਂ ਮਣ ਰੇਤਾ ਭਿੱਜਿਆ ਮਿਰਜ਼ੇ ਨੂੰ ਦੱਸੇ,
ਮੈਂ ਵਿਚ ਮਿਲਣਾ ਅੰਤ ਨੂੰ ਹੈ ਸ਼ਾਹ-ਸਵਾਰਾਂ ।

ਹੁਸਨ, ਜਵਾਨੀ, ਵਫ਼ਾ ਜ਼ੋਰ ਦੇ ਝੂਠੇ ਦਾਅਵੇ,
ਥਲ ਵਿਚ ਢੇਰੀ ਹੋਣੀਆਂ ਡਾਰਾਂ ਦੀਆਂ ਡਾਰਾਂ ।



## — ਛੱਤੀ —

ਉਂਞ ਤਾਂ ਵੇਖਣ ਨੂੰ ਹੈ ਡੁੱਬਿਆ ਰੌਸ਼ਨੀਆਂ ਵਿਚ ਸ਼ਹਿਰ ।
ਹਰ ਬੰਦੇ ਦੇ ਸੀਨੇ ਐਪਰ ਵਸਦੇ ਕਾਲੇ ਪਹਿਰ ।

ਕਿਸ ਨੂੰ ਫੁਰਸਤ ਸੱਪ ਲੜੇ ਤੋਂ ਮਾਂਦਰੀਆਂ ਨੂੰ ਲੱਭੇ,
ਹਰ ਕੋਈ ਏਥੇ ਆਪੇ ਅਪਣਾ ਚੂਸੀ ਜਾਵੇ ਜ਼ਹਿਰ ।

ਜ਼ਿੰਦਗੀ ਦੀ ਜੂਹ ਗਹੁੰਦੇ ਗਹੁੰਦੇ ਅੰਨ੍ਹੇ ਖੂਹ ਜਾ ਪੈਣਾ,
ਇਹ ਵੀ ਇਕ ਦਿਨ ਵਿੰਹਦੇ ਵਿੰਹਦੇ ਹੋ ਜਾਣਾ ਹੈ ਕਹਿਰ ।

ਖੇਡ ਖੇਡ ਕੇ ਪਿਛਲੇ ਪਹਿਰੀਂ ਸਾਗਰ ਵਾਂਗੂੰ ਸੁੱਤੇ,
ਪਰ ਸੀਨੇ ਵਿਚ ਸਾਂਭੀ ਆਪਾਂ ਯਾਦਾਂ ਦੀ ਹਰ ਲਹਿਰ ।

ਸ਼ਾਮ ਪਈ ਤੋਂ ਬੇਸ਼ਕ ਕੋਈ ਰੁੱਖ ਕੰਬੇ ਤਾਂ ਕੰਬੇ,
ਏਸ ਸ਼ਹਿਰ ਦੇ ਰੁੱਖ ਕੰਬਦੇ ਨੇ ਯਾਰੋ ਸਿਖਰ ਦੁਪਹਿਰ ।

ਸੜਕਾਂ ਉਤੇ ਲੋਕੀਂ ਕੀਕਰ ਲਟ ਲਟ ਬਲਦੇ ਫਿਰਦੇ,
ਕੌਣ ਰਿਸ਼ੀ ਨੇ ਪੈਰ ਸਰਾਪੇ ? ਕੋਈ ਨਾ ਸਕਦਾ ਠਹਿਰ ।

ਏਸ ਸ਼ਹਿਰ ਦੇ ਦੁੱਖ ਦੀ ਤਾਂ ਇਕ ਵੱਖਰੀ ਦਰਦ-ਕਹਾਣੀ,
ਇਸ ਦਾ ਸੀਨਾ ਚੀਰ ਗਈ ਹੈ ਵਿਚਦੀ ਲੰਘਦੀ ਨਹਿਰ ।



## — ਸੈਂਤੀ —

ਅੱਧੀ ਰਾਤੀਂ ਕੁੱਤੇ ਭੌਂਕਣ, ਕਿਵੇਂ ਕੂਕਦੇ ਮੋਰ ।
ਫਿਰ ਲੋਕਾਂ ਦਾ ਮਾਲ ਚੁਰਾ ਕੇ ਤੁਰ ਜਾਂਦੇ ਹਨ ਚੋਰ ।

ਰਿਸ਼ਵਤਖੋਰੀ ਦਾ ਇਹ ਕਿੱਸਾ ਕਹੀਏ ਕੌਣ ਕਚਹਿਰੀ,
ਜਦ ਨਗਰੀ ਦੇ ਮੁਨਸਫ਼ ਖੁਦ ਹਨ ਵੱਡੇ ਰਿਸ਼ਵਤਖੋਰ ।

ਏਥੇ ਹਰ ਬੂਟੇ ਨੂੰ ਹਨ ਉਪਕਾਰਾਂ ਦੇ ਫੁੱਲ ਪੈਂਦੇ,
ਖੁਦਗਰਜ਼ੀ ਦੇ ਫਲ ਵਿਚ ਵਟਦੇ ਐਪਰ ਅੱਖ ਦੇ ਫੋਰ ।

ਕਰਨ ਆਵਾਜ਼ਾਂ ਮੰਦਰ ਦੇ ਵਿਚ ਕਿੰਨਾ ਸ਼ੋਰ-ਸ਼ਰਾਬਾ,
ਮੂਲ ਨਾ ਮਿਟਦੇ ਐਪਰ ਯਾਰੋ ਮਨ ਮੰਦਰ ਦੇ ਸ਼ੋਰ ।

ਸੱਥ ਵਿਚ ਬੁੱਢੇ ਖੁੰਢਾਂ ਵਿਚੋਂ ਨਿਕਲ ਪੈਣ ਚੰਗਿਆੜੇ,
ਨਜ਼ਰ ਪਏ ਜਦ ਕਿਸੇ ਕੁੜੀ ਦੀ ਸਪਨੀ ਵਰਗੀ ਤੋਰ ।

ਸਿਖਰ ਦੁਪਹਿਰਾਂ ਪਿਛੋਂ ਪੈਸਣ ਮੌਤ ਦੀਆਂ ਤਿਰਕਾਲਾਂ,
ਜਦ ਬੂਹੇ 'ਤੇ ਦਸਤਕ ਹੋਣੀ ਚਲਣੋ ਮੂਲ ਨਾ ਜ਼ੋਰ ।

ਪੱਲੇ ਭਟਕਣ, ਮਨ ਵਿਚ ਸ਼ੰਕਾ ਲੱਭਣਾ ਕੀ ਹੈ ਸਾਨੂੰ ?
ਬੁੱਲ੍ਹਿਆ ਕਿਸ ਨੂੰ ਕੂਕ ਸੁਣਾਵੇਂ 'ਬੁੱਕਲ ਦੇ ਵਿਚ ਚੋਰ' ।

## — ਅੱਠਤੀ —

ਏਨਾ ਵੀ ਮੇਰੇ ਮਿਲਣ ਦਾ ਕਰਿਆ ਨਾ ਕਰ ਖਿਆਲ ।
ਪੈਰਾਂ 'ਚ ਨੱਗੇ ਜਾਨ ਨੂੰ ਹੈ ਉੱਡਣਾ ਨੈ ਮੁਹਾਲ ।

ਉਹ ਵਾਹਦਿਆਂ ਦਾ ਮੌਸਮ ਉਹ ਸਿਕਵਿਆਂ ਦਾ ਦੌਰ,
ਵਗਿਆ ਸਮੇਂ ਦਾ ਪਾਣੀ ਸਭ ਲੈ ਗਿਆ ਹੈ ਨਾਲ ।

ਕੀ ਤੋੜਨੇ ਨੇ ਤਾਰੇ, ਟੁੰਗਣੇ ਕੀ ਕੇਸਾਂ ਵਿਚ,
ਹੈ ਜ਼ਿੰਦਗੀ ਤੇ ਭਾਰੂ ਰੋਟੀ ਦਾ ਹੀ ਸੁਆਲ ।

ਕੰਧਾਂ ਨੇ ਚਾਰ ਬੰਨੇ ਤੇ ਘਿਰ ਗਿਆ ਹਾਂ ਮੈਂ,
ਦੱਸਾਂ ਕੀ ਅਪਣਾ ਹਾਲ ਤੇ ਪੁੱਛਾਂ ਕੀ ਤੇਰਾ ਹਾਲ ।

ਇਹ ਹੋਂਦ ਹੈ ਛਲਾਵਾ ਸਭ ਕੂੜ ਦਾ ਦਿਖਾਵਾ,
ਮਿੱਟੀ ਦੇ ਸਾਥ ਕਾਹਦੇ ? ਦੀਦੇ ਨਾ ਐਵੇਂ ਗਾਲ ।

ਝੁਲਦਾ ਹੈ ਤੇਜ਼ ਝੱਖੜ ਪਰ ਰੁੱਖ ਇਹ ਵਿਚਾਰੇ,
ਫਿਰ ਵੀ ਨੇ ਵੇਖ ਖੜ੍ਹਦੇ ਨੈ ਹੌਸਲੇ ਦੀ ਢਾਲ ।

ਰੰਗਾਂ ਦੀ ਪੀਂਘ ਚੜ੍ਹ ਕੇ ਡਿੱਗਣਾ ਹੈ ਧਰਤ ਉੱਤੇ,
ਹੈ ਦਾਸਤਾਂ ਅਨੋਖੀ ਇਹ ਵਕਤ ਦੀ ਹੈ ਚਾਲ ।



## — ਉਨਤਾਲੀ —

ਦਬ ਗਏ ਨੇ ਲੋਕੀਂ ਸਾਨੂੰ ਦਬਾਣ ਵਾਲੇ ।
ਮਿੱਟੀ 'ਚ ਮਿਲ ਗਏ ਨੇ ਮਿੱਟੀ ਮਿਲਾਣ ਵਾਲੇ ।

ਉੱਡੇ ਹਨੇਰਿਆਂ 'ਚ ਹਾਂ ਜੁਗਨੂੰਆਂ ਦੇ ਵਾਂਗੂੰ,
ਉੱਡੇ ਉਹ ਤੇਜ਼ ਝੱਖੜ ਸਾਨੂੰ ਉਡਾਣ ਵਾਲੇ ।

ਜ਼ਿੰਦਾ ਹਾਂ, ਧੜਕਦੇ ਹਾਂ ਹੈ ਜ਼ਿੰਦਗੀ ਅਸਾਡੀ,
ਮਿਟ ਗਏ ਨੇ ਲੋਕੀ ਸਾਨੂੰ ਮਿਟਾਣ ਵਾਲੇ ।

ਜ਼ੁਲਮ ਸਹਿ ਵੀ ਹੱਸੇ, ਭਾਂਬੜ ਦੇ ਵਾਂਗ ਮੱਚੇ,
ਸਮਿਆਂ ਨੇ ਹੰਝੂ ਦਿੱਤੇ ਹੰਝੂ ਵਹਾਣ ਵਾਲੇ ।

ਝੁੱਲੇ ਹਨੇਰ ਕਿੰਨੇ ਡੋਲੇ ਨਾ ਕਦਮ ਸਾਡੇ,
ਕਦਮਾਂ 'ਚ ਸਾਡੇ ਡਿੱਗੇ ਉਹ ਡਗਮਗਾਣ ਵਾਲੇ ।

ਸੀਨੇ 'ਚ ਸੀ ਜਵਾਲਾ ਬਾਹਾਂ 'ਚ ਬਿਜਲੀਆਂ ਸੀ,
ਅੱਖਾਂ 'ਚ ਸੀ ਸ਼ਰਾਰੇ ਅੱਗਾਂ ਲਗਾਣ ਵਾਲੇ ।

ਬਿਖੜਾ ਸੀ ਪੰਧ ਕਿੰਨਾ ਹਰ ਕਦਮ 'ਤੇ ਸੀ ਠੋਕ੍ਰ,
ਵਧੇ ਤੂਫ਼ਾਨ ਬਣ ਕੇ ਤੀਲ੍ਹੇ ਵਹਾਣ ਵਾਲੇ ।

ਸੀਸ ਧਰ ਤਲੀ 'ਤੇ ਨਿੱਤਰੇ ਮੈਦਾਨ ਅੰਦਰ,
ਮੁੱਕੇ ਅਸਾਡੇ ਹੱਥੋਂ ਸਾਨੂੰ ਮੁਕਾਣ ਵਾਲੇ ।

ਹੈ ਸਿਦਕ ਸਾਡੇ ਪੱਲੇ ਤੇ ਹੌਸਲਾ ਹੈ ਸੀਨੇ,
ਹਾਂ ਜ਼ਿੰਦਗੀ ਦੇ ਵਾਰਸ ਝੰਡੇ ਚੜ੍ਹਾਣ ਵਾਲੇ ।





— ਚਾਲੀ —

ਏਸ ਸ਼ਹਿਰ ਦੀ ਗੱਲ ਭਲਾ ਅੱਜ-ਕਲ੍ਹ ਦੀ ਹੈ ?
ਇਕ ਅੱਧੀ ਅਫ਼ਵਾਹ ਤਾਂ ਏਥੇ ਚਲਦੀ ਹੈ ।

ਗਲੀ-ਗੁਆਂਢ 'ਚ ਉਂਗਲਾਂ ਉੱਚੀਆਂ ਹੁੰਦੀਆਂ ਹਨ,
ਵਿਧਵਾ ਯੁਵਤੀ ਜਦ ਵੀ ਸੂਟ ਬਦਲਦੀ ਹੈ ।

ਤੇਰਾ ਜਾਣਾ ਉਸ ਪਲ ਚੇਤੇ ਆਉਂਦਾ ਹੈ,
ਦਫ਼ਤਰ ਕੋਲੋਂ ਦੀ ਜਦ ਰੇਲ ਗੁਜ਼ਰਦੀ ਹੈ ।

ਵਰ੍ਹਿਆਂ ਪਿਛੋਂ ਫਿਰ ਓਵੇਂ ਹੀ ਲੱਗਿਆ ਹੈ,
ਉਹ ਕੋਠੇ ਦੀ ਛੱਤ 'ਤੇ ਬੈਠੀ ਪੜ੍ਹਦੀ ਹੈ ।

ਉਹੀਓ ਚੌਂਕ ਪਿਆਰਾ ਸਾਨੂੰ ਲਗਦਾ ਹੈ,
ਜਿਥੋਂ ਤੇਰੇ ਘਰ ਨੂੰ ਸੜਕ ਨਿਕਲਦੀ ਹੈ ।

ਤੂੰ ਤਾਂ ਅੱਜ ਕਲ੍ਹ ਇਕ ਬੰਗਲੇ ਦੀ ਕੈਦਣ ਹੈਂ,
ਵੇਖ ਫ਼ਕੀਰਾਂ ਦੀ ਗੱਲ ਸ਼ਹਿਰੀਂ ਚਲਦੀ ਹੈ ।

ਸ਼ੀਸ਼ਾ ਵੀ ਅੱਜ ਕਰਦਾ ਸਾਨੂੰ ਮਸ਼ਕਰੀਆਂ,
ਮੂੰਹ 'ਤੇ ਧੌਲੇ ਕਹਿਣ 'ਜੁਆਨੀ ਢਲਦੀ ਹੈ' ।

## — ਇਕਤਾਲੀ —

ਦਿਨ ਨੂੰ ਪੱਥਰ ਕਰਕੇ, ਲਿਖ ਕੇ ਮਿੱਤਰਾਂ ਦੇ ਸਿਰਨਾਵੇਂ ।
ਉਡਦੇ ਉਡਦੇ ਆ ਪਹੁੰਚੇ ਹਾਂ ਯਾਰੋ ਕਿਹੜੀ ਥਾਵੇਂ ?

ਕਦੇ ਕਦੇ ਇਕਲਾਪੇ ਦੀ ਧੁੱਪ, ਤਨ ਮਨ ਨੂੰ ਲੂਹ ਜਾਂਦੀ,
ਰੁੱਖ-ਮਾਪੇ ਨਾ ਮਿੱਤਰ-ਬੂਟੇ ਬਹੀਏ ਕਿਸ ਦੀ ਛਾਂਵੇਂ ?

ਦੂਰ ਦੂਰ ਤਕ ਰੇਤ ਵਿਛੀ ਹੈ ਚਾਰ-ਚੁਫੇਰੇ ਪੱਥਰ,
ਮਨ ਝੱਲਿਆ ਫਿਰ ਕਿਸ ਦੇ ਅੱਗੇ ਬਾਤ-ਬਤੋਲੀ ਪਾਵੇਂ ?

ਅਪਣੀ ਵੀ ਉਸ ਥਲ ਦੇ ਸੰਗ ਹੈ ਅੰਗਲੀ-ਸੰਗਲੀ ਰਲਦੀ,
ਜਿਸ 'ਚੋਂ ਆਪ ਤਾਂ ਲੰਘ ਗਏ ਰਾਹੀ ਛੱਡ ਗਏ ਪਰ ਪਰਛਾਵੇਂ ।

ਜ਼ਿੰਦਗੀ ਬੇਸ਼ਕ ਰਾਤ ਜਿਹੀ ਹੈ ਪਰ ਹੈ ਬੜੀ ਪਿਆਰੀ,
ਇਸ ਵਿਚ ਚੰਨ ਦਾ ਟੋਟਾ ਵੀ ਹੈ ਤਾਰੇ ਟਾਵੇਂ ਟਾਵੇਂ ।

ਵਸਦਾ ਰਸਦਾ ਹੱਸਦਾ ਰਹਿ ਤੂੰ ਮਾਣੇਂ ਠੰਢੀਆਂ ਛਾਵਾਂ,
ਸੁੱਖ-ਸਾਂਦ ਬਸ ਪਹੁੰਚੇ ਤੇਰੀ ਆਵੇਂ ਜਾਂ ਨਾ ਆਵੇਂ ।

ਚੁੱਪ-ਚਰਾਂ ਹੈ ਸ਼ਾਮ ਉਦਾਸੀ, ਨੇੜ ਨਾ ਚਿੜੀ-ਪਰਿੰਦਾ,
ਤਾਂ ਜੀਅ ਲਗਦਾ ਜੇ ਅੱਜ ਆ ਕੇ, ਤੂੰ ਕੋਈ ਗੀਤ ਸੁਣਾਵੇਂ ।



## — ਬਤਾਲੀ —

ਜ਼ੁਲਫ਼ਾਂ ਦੇ ਕਾਲੇ ਨਾਗ ਨਾ ਹੱਥੀਂ ਸੰਵਾਰਦੇ ।
ਡੰਗਾਂ ਦੀ ਏਨੀ ਪੀੜ ਵੀ ਕਾਹਨੂੰ ਸਹਾਰਦੇ ।

ਥਲ ਦੇ ਕੀ ਪੱਲੇ ਹੋਰ ਸੀ ? ਧੋੜੇ ਸੀ ਰੇਤ ਦੇ,
ਸਾਨੂੰ ਭੁਲੇਖੇ ਪੈ ਗਏ ਮਿਰਗਾਂ ਦੀ ਡਾਰ ਦੇ ।

ਸੀ ਉਲਟ ਰੁਖ ਨੂੰ ਉਡਣਾ ਕਿਥੋਂ ਦੀ ਚਤੁਰਤਾ,
ਭੋਲੇ ਸੀ ਪੰਛੀ ਮੰਨਿਆ ਕੁਝ ਤਾਂ ਵਿਚਾਰਦੇ !

ਬਿਜਲੀ ਗਗਨ ਦੀ ਲੂਹ ਗਈ ਰੁੱਖ ਦੇ ਸਰੀਰ ਨੂੰ,
ਰਹਿ ਗਏ ਬਰੋਟੇ ਨਾਲ ਦੇ ਧਾਹਾਂ ਹੀ ਮਾਰਦੇ ।

ਯਾਦਾਂ ਦੀ ਤਿਤਲੀ ਰੰਗਲੀ ਬੈਠੀ ਆ ਮਨ ਦੀ ਸ਼ਾਖ
ਪਤਝੜ ਦੇ ਦਿਨ ਵੀ ਜਾਪਦੇ ਜੀਕਰ ਬਹਾਰ ਦੇ ।

ਗ਼ੈਰਾਂ ਦਾ ਹੋ ਕੇ ਕੀ ਲਿਆ ? ਖੱਜਲ-ਖੁਆਰੀਆਂ,
ਰਹਿੰਦਾ ਜੇ ਹੋ ਕੇ ਅਸਾਂ ਦਾ ਜ਼ਿੰਦੜੀ ਨਾ ਵਾਰਦੇ !

ਅੱਖਾਂ ਦੇ ਥਾਣੀਂ ਪੀ ਲਈ ਮੈਂ ਹੁਸਨ ਦੀ ਸ਼ਰਾਬ,
ਬੈਠੇ ਨੇ ਖ਼ਾਲੀ ਬਦਨ ਦੀ ਬੋਤਲ ਨਿਹਾਰਦੇ ।

## — ਤਰਤਾਲੀ —

ਦਰਿਆ ਦੇ ਕੰਢੇ ਰਾਤ ਇਕ ਸੁਣਿਆ ਹੈ ਹੋਇਆ ਹਾਦਸਾ ।
ਹੈ ਅਜਨਬੀ ਇਕ ਬੂੰਦ ਲਈ ਰੋਂਦਾ ਪਿਆਸਾ ਮਰ ਗਿਆ ।

ਆਈ ਹਨੇਰੀ ਚੰਦਰੀ ਪੰਛੀ ਦੇ ਪੱਲੇ ਕੀ ਰਿਹਾ ?
ਰੀਝਾਂ ਦਾ ਇਕੋ ਆਲ੍ਹਣਾ ਵੀ ਤੀਲ੍ਹਾ-ਤੀਲ੍ਹਾ ਹੋ ਗਿਆ ।

ਸੀ ਉਹ ਗੁਬਾਰਾ ਰੰਗਲਾ ਉਡਿਆ ਤੇ ਉਡਦਾ ਹੀ ਗਿਆ,
ਬਸ ਕੀ ਪਤਾ ਕੀ ਹੋ ਗਿਆ ? ਨਜ਼ਰੀਂ ਹੀ ਮੁੜ ਕੇ ਨਾ ਪਿਆ ।

ਇਕ ਰੁੱਤ ਜ਼ਾਲਮ ਆਏਗੀ ਕਿ ਪੱਤ ਵੀ ਕਿਰ ਜਾਣਗੇ,
ਫੁੱਲਾਂ 'ਚ ਹੱਸਦੇ ਰੁੱਖ ਨੇ ਇਹ ਨਾ ਕਦੇ ਸੀ ਸੋਚਿਆ ।

ਉਹ ਨਾਗ ਇਕ ਫੁੰਕਾਰਦਾ ਜੂਹਾਂ 'ਚ ਜੋ ਸੀ ਮੇਲ੍ਹਦਾ,
ਰੁਕਿਆ ਤੇ ਕੀਕਰ ਪਰਤਿਆ ਜਾਦੂ ਸੀ ਕਿਹੜੀ ਬੀਨ ਦਾ ।

ਹੱਥਾਂ 'ਚ ਸਾਰੀ ਤਾਸ਼ ਸੀ, ਸੀ ਵਕਤ ਚਲਦੀ ਖੇਡ ਵੀ,
ਬਸ ਮਾਤ ਉਸ ਨੂੰ ਦੇ ਗਿਆ ਇਕੋ ਹੀ ਪੱਤਾ ਰੰਗ ਦਾ ।



ਨਾ ਜ਼ਿੰਦਗੀ, ਨਾ ਖ਼ੁਦਕੁਸ਼ੀ ਕਹੀਏ ਤਾਂ ਇਸ ਨੂੰ ਫੇਰ ਕੀ ?
ਇਲਜ਼ਾਮ ਅਪਣੇ ਆਪ 'ਤੇ ਹੈ ਯਾਰ ਅਪਣੇ ਕਤਲ ਦਾ ।

ਮਰਦੇ ਆਵਾਜ਼ਾਂ ਦਿੱਤੀਆਂ, ਕੋਈ ਇਕ ਵੀ ਨਾ ਬਹੁੜਿਆ,
ਵਿੰਹਦੇ ਹੀ ਕੋਲੋਂ ਗੁਜ਼ਰਿਆ ਮਿੱਤਰਾਂ ਦਾ ਇਉਂ ਵੀ ਕਾਫ਼ਲਾ ।

ਸੁਣਦੇ ਤਾਂ ਸੀ ਕਿ ਸਮਾਂ ਇਹ ਹੈ ਬਦਲਦੇ ਹੀ ਬਦਲਦਾ,
ਪਰ ਸਾਡੇ ਲਈ ਇਉਂ ਬਦਲਿਆ ਜਿਉਂ ਨਾ ਕਦੇ ਸੀ ਬਦਲਿਆ ।



## — ਚੁਤਾਲੀ —

ਪਲ ਭਰ ਦਾ ਵੀ ਕਿਵੇਂ ਭਰੋਸਾ ਕਰੀਏ ?
ਜਦ ਅੱਖਾਂ ਦੇ ਸਾਹਵੇਂ ਪਲ ਪਲ ਮਰੀਏ ।

ਧਾਰ ਲਿਆ ਜਦ ਮੰਜ਼ਿਲ ਉਤੇ ਜਾਣਾ,
ਪੈਰ ਅਗਾਹਾਂ ਡਰ ਡਰ ਕਾਹਨੂੰ ਧਰੀਏ ?

ਮੁੱਕ ਜਾਣੇ ਹਨ ਤਨ 'ਚੋਂ ਸਾਹ ਦੇ ਪਾਣੀ,
ਝਰਨੇ ਵਾਂਗੂੰ ਨਿਸ-ਦਿਨ ਇਉਂ ਵੀ ਝਰੀਏ ।

ਹਰ ਲੈਂਦਾ ਹੈ ਹਰ ਕੋਈ ਅਪਣੀ ਪੀੜਾ,
ਮਜ਼ਾ ਤਦੇ ਜੇ ਪੀੜ ਬਿਗਾਨੀ ਹਰੀਏ ।

ਮੱਕੜੀ ਵਾਂਗੂੰ ਤਣ ਲਿਆ ਮੋਹ ਦਾ ਤਾਣਾ,
ਤੰਦ ਟੁੱਟਦੀ ਹੈ ਤਾਂ ਕੁਰਲਾਈਏ ਡਰੀਏ ।

ਕੀ ਲਹਿਰਾਂ ਤੋਂ ਡਰਨਾ ਲਹਿਰੀਂ ਚੜ੍ਹੀਏ,
ਆ ਇਹ ਸਾਗਰ ਲਹਿਰ ਲਹਿਰ ਕੇ ਤਰੀਏ

ਤੇਰੇ ਲਈ ਮੈਂ ਧਰਤੀ ਸੁਰਗ ਬਣਾਉਣੀ,
ਅੰਬਰ ਅੰਬਰ ਨਾ ਕਰਿਆ ਕਰ ਪਰੀਏ ।



## — ਪੰਜਤਾਲੀ —

ਅੱਜ ਫਿਰ ਤਲਖ਼ ਹਕੀਕਤ ਦਾ ਘੁੱਟ ਭਰਿਆ ਹੈ ।
ਲਗਦਾ ਸੀ ਜੋ ਅਜਰ ਅਸਾਂ ਨੇ ਜਰਿਆ ਹੈ ।

ਸਿਖਰ-ਦੁਪਹਿਰੇ ਘੁੱਪ-ਹਨੇਰੀ ਰਾਤ ਪਈ,
ਅੱਜ ਮੇਰਾ ਪਰਛਾਵਾਂ ਮੈਥੋਂ ਡਰਿਆ ਹੈ ।

ਕਿਵੇਂ ਝੀਲ ਦੇ ਪਿੰਡੇ 'ਤੇ ਹੈ ਲਾਸ ਜਹੀ,
ਬਲਦਾ ਕੋਈ ਸ਼ਿਕਾਰਾ ਸ਼ਾਇਦ ਗੁਜ਼ਰਿਆ ਹੈ ।

ਦਿਨ ਭਰ ਅੰਬਰ ਛਾਣ ਛਾਣ ਕੇ ਸੂਰਜ ਹੁਣ,
ਕਿਸ ਨੂੰ ਲੱਭਣ ਸਾਗਰ ਵਿਚ ਉਤਰਿਆ ਹੈ ?

ਇਕ ਯੁੱਗ ਤੋਂ ਤਾਂ ਖੰਡਰ ਜੂਨ ਹੰਢਾਉਂਦੇ ਸਾਂ,
ਅੱਜ ਸਾਡੇ ਦਰ ਕਿਸ ਨੇ ਦੀਵਾ ਧਰਿਆ ਹੈ ?

ਖ਼ਬਰੇ ਗੀਤ 'ਚ ਵਿਛੜਨ ਦੀ ਗੱਲ ਆਈ ਹੈ,
ਤ੍ਰਿੰਞਣ ਗਾਉਂਦੀਆਂ ਕੁੜੀਆਂ ਦਾ ਮਨ ਭਰਿਆ ਹੈ ।

ਬਾਗ਼ 'ਚ ਕਲੀਆਂ ਸ਼ਬਨਮ ਹੰਝੂ ਚੋਏ ਹਨ,
ਸੁਣਿਆ ਇਕ ਰੰਗੀਨ ਪਰਿੰਦਾ ਮਰਿਆ ਹੈ ।

— ਛਿਆਲੀ —

ਉਸ ਨੇ ਵੀ ਮੇਰੀ ਯਾਦ ਵਿਚ ਕੁਝ ਗੀਤ ਗਾਏ ਹੋਣਗੇ ।
ਇਹ ਗੀਤ ਉਸ ਦੇ ਹਾਲ ਤੇ ਤਦ ਮੁਸਕਰਾਏ ਹੋਣਗੇ ।

ਬੇਚੈਨ ਰਾਤੀਂ ਨੀਂਦ ਨਾ ਆਈ ਹੋਏਗੀ ਜਦ ਕਦੇ,
ਤਾਰੇ ਵੀ ਉਸ ਨੂੰ ਵੇਖ ਕੇ ਕੁਝ ਝੁਣਝੁਣਾਏ ਹੋਣਗੇ ।

ਮੈਂ ਕੁਝ ਕੁ ਸੁਪਨੇ ਚਿਤਰ ਕੇ ਉਸ ਨੂੰ ਵਿਖਾਏ ਸਨ ਕਦੇ,
ਖੁਸ਼ ਹੋਣ ਲਈ ਉਸ ਆਪ ਨੂੰ ਆਪੇ ਵਿਖਾਏ ਹੋਣਗੇ ।

ਉਹ ਖ਼ਤ ਉਡੀਕੇਗੀ ਕਦੇ ਪਰ ਖ਼ਤ ਜਦੋਂ ਨਾ ਆਏਗਾ,
ਉਸ ਫਿਰ ਉਦਾਸੀ ਸ਼ਾਮ ਵਿਚ ਅੱਥਰੂ ਵਹਾਏ ਹੋਣਗੇ ।

ਤੇ ਬਾਲ ਮੈਨੂੰ ਮਿਲਣ ਦੀ ਜਦ ਜ਼ਿਦ ਕਰਦੇ ਹੋਣਗੇ,
ਖ਼ਬਰੇ ਕੀ ਉਸ ਨੇ ਆਖ ਕੇ, ਕੀਕੂੰ ਵਰਾਏ ਹੋਣਗੇ ?

ਕੋਲ ਉਸ ਦੇ ਸਾਂ ਜਦੋਂ ਬਰਸਾਤ ਬਸ ਬਰਸਾਤ ਸੀ,
ਬਰਸਾਤ ਹੁਣ ਕੀ ਹੋਏਗੀ ? ਬੱਦਲ ਕੀ ਛਾਏ ਹੋਣਗੇ ?



ਜੋੜਾ ਜਦੋਂ ਕੋਈ ਗੁਟ੍ਕਦਾ ਵੇਖੇਗੀ ਰੰਗਲੀ ਸੜਕ 'ਤੇ,
ਉਸ ਨੂੰ ਵੀ ਪਲ ਉਹ ਮਹਿਕਦੇ ਤਦ ਯਾਦ ਆਏ ਹੋਣਗੇ ।

ਇਕ ਰੰਗ ਮਨਫ਼ੀ ਹੋ ਗਿਆ ਤਸਵੀਰ ਵਿਚ ਹੀ ਕੀ ਰਿਹਾ,
ਇਹ ਸੋਚ ਕੇ ਤਸਵੀਰ ਨੇ ਬਸ ਵੈਣ ਪਾਏ ਹੋਣਗੇ ।

ਪਿਛੋਂ ਹਿਜ਼ਰ ਦੀ ਰਾਤ ਦੇ ਪਰਤਾਂਗਾ ਜਦ ਮੈਂ ਇਕ ਸੁਬਾਹ,
ਤਦ ਤੀਕ ਉਸ ਨੇ ਯਾਦ ਦੇ ਦੀਵੇ ਜਗਾਏ ਹੋਣਗੇ ।



— **ਸੰਤਾਲੀ** —

ਯਾਰ ਮੇਰੇ ਤਾਸ਼ ਦੇ ਪੱਤੇ ਜਿਹੇ ।
ਖੇਡਦੇ ਸਾਂ ਖੇਡ ਵਿਚ ਹੀ ਖਿੰਡ ਗਏ ।

ਇਹ ਪੁਲਾਂ ਦੇ ਰਿਸ਼ਤਿਆਂ ਦੀ ਗੱਲ ਹੈ,
ਪਾਣੀ ਜਿਹਨਾਂ 'ਚੋਂ ਵਗੇ ਹਨ ਸਿਸਕਦੇ ।

ਸੀ ਜਿਹਨਾਂ ਵਿਚ ਕੰਵਲ ਬਣ ਕੇ ਝੂਮਦੇ,
ਦੂਰ ਕਿੰਨੀ ਰਹਿ ਗਏ ਸਰਵਰ ਜਹੇ ।

ਹੈ ਪਤੰਗਾਂ ਦੀ ਰੰਗੀਲੀ ਦਾਸਤਾਂ,
ਚੜ੍ਹ ਗਏ ਜੁ, ਕਟ ਗਏ ਤੇ ਡਿੱਗ ਪਏ ।

ਰਾਹ 'ਚ ਅਪਣੀ ਅੱਗ ਵਿਚ ਜਲ ਜਾਣਗੇ,
ਖ਼ਤ ਜਿਹਨਾਂ ਤੇ ਦੁੱਖ ਲਿਖੇ ਪਰਦੇਸ ਦੇ ।

ਦੇਸ ਰੋਟੀ ਨਾ ਮਿਲੀ ਪਰਦੇਸ ਮੋਹ,
ਮਰ ਗਏ ਉਹ ਵਿਚ-ਵਿਚਾਲੇ ਭਟਕਦੇ ।



ਹੈ ਚੰਗੇਰੇ ਚੋਗ ਲਈ ਉੱਡਣ ਕੇਹਾ ?
ਪਰਤਿਆਂ ਜੇ ਕਿਰ ਗਏ ਤਾਂ ਆਲ੍ਹਣੇ ।

ਸੱਥ ਪਿੰਡ ਦੀ ਬਹੁਤ ਵਿਲਕੀ ਸ਼ਾਮ ਨੂੰ,
ਉਹ ਗਏ ਪਰਦੇਸ ਕੀ ? ਜਿਉਂਦੇ ਮਰੇ !

ਮੋਰ ਪਿੰਡ ਦੇ ਨੈਣ ਭਰ ਹਨ ਕੂਕਦੇ,
'ਪਰਤ ਆਇਓ ਜੇ ਕਦੇ ਵੀ ਮਨ ਭਰੇ' ।

ਦਿਲ ਭਰੇ ਭਰ ਆਖੇ 'ਘਰ ਮੁੜ ਚਲੀਏ',
ਬੇਵਸੀ ਦਾ ਪਰ ਭਲਾ ਕੋਈ ਕੀ ਕਰੇ ?



## — ਅਠਤਾਲੀ —

ਅੰਬਰ ਦੇ ਵਿਚ ਝੁੰਮਰ ਪਾਉਂਦੇ ਕਿਰਨਾਂ ਦੇ ਵਣਜਾਰੇ ।
ਚਾਰੇ ਕੰਨੀਆਂ ਖ਼ਾਲੀ ਕਰਕੇ ਸ਼ਾਮੀਂ ਤੁਰੇ ਵਿਚਾਰੇ ।

ਵਾਂਗ ਫੁਹਾਰੇ ਹੱਸਦਾ ਹੱਸਦਾ ਜੋ ਦੂਹਰਾ ਹੋ ਜਾਂਦਾ,
ਉਸ ਦੇ ਦਿਲ ਦਰਿਆ ਦੇ ਗ਼ਮ ਵਿਚ ਚੁੱਭੀ ਤਾਂ ਕੋਈ ਮਾਰੇ ।

ਹਾਦਸਿਆਂ ਤੋਂ ਬਚਦੇ ਬਚਦੇ ਫੇਰ ਹਾਦਸਾ ਹੋਇਆ,
ਟੁਕੜੇ ਕਰ ਗਏ ਇਕ ਸੋਹਣੀ ਦੇ ਤਿੱਖੇ ਨੈਣ-ਕਟਾਰੇ ।

ਆਪੋ ਅਪਣੀ ਵਹਿੰਗੀ ਚੁੱਕੀ ਹਰ ਕੋਈ ਤੁਰਿਆ ਜਾਂਦਾ,
ਹਰ ਇਕ ਦੇ ਹੀ ਪੈਰਾਂ ਹੇਠਾਂ ਦਗਦੇ ਨੇ ਅੰਗਿਆਰੇ ।

ਸਭ ਨੂੰ ਅਪਣਾ ਅਪਣਾ ਗ਼ਮ ਹੈ ਸਭਨਾਂ ਨੇ ਦਰ ਭੀੜੇ,
ਕਿਸ ਇਛਰਾਂ ਦੇ ਮਹਿਲੀਂ ਜਾ ਕੇ ਪੂਰਨ ਧਾਹਾਂ ਮਾਰੇ ?

ਪਹੁ-ਫੁਟਦੀ ਹੈ, ਦਿਨ ਢਲਦਾ ਹੈ ਨਦੀ ਸਮੇਂ ਦੀ ਵਹਿੰਦੀ,
ਰੁੱਖ ਵਹਿਣ ਨੇ ਹੱਸਦੇ ਰੋਂਦੇ ਸਾਰੇ ਢਾ ਢਾ ਮਾਰੇ ।

ਸਾਡੀ ਗਾਥਾ ਗ਼ਮ ਦੀ ਗਾਥਾ, ਇਹ ਜੀਵਨ ਦੀ ਗਾਥਾ,
ਇਸ ਗਾਥਾ ਨੂੰ ਕਹਿੰਦੇ ਸੁਣਦੇ ਵਲੀ-ਔਲੀਏ ਹਾਰੇ !



## — ਉਨਿੰਜਾ —

ਅੱਖਾਂ ਦੇ ਵਿਚ ਭਰ ਛਲਕਾਇਆ ਜਦ ਜ਼ਾਲਮ ਨੇ ਜਾਮ ।
ਦਿਲ ਸਰਵਰ ਵਿਚ ਨਹਿ ਗਈ ਸਾਡੇ ਸੰਦਲੀ ਸੰਦਲੀ ਸ਼ਾਮ ।

ਅਸਤ ਜਾਣਾ ਹਰ ਚੜ੍ਹਦਾ ਸੂਰਜ ਇਸ ਵਿਚ ਕੋਈ ਨਾ ਸ਼ੰਕਾ,
ਫਿਰ ਵੀ ਚੜ੍ਹਦੇ ਸੂਰਜ ਨੂੰ ਇਹ ਲੋਕੀਂ ਕਰਨ ਸਲਾਮ ।

ਉਸ ਫੌਜੀ ਨੇ ਧੀ-ਰਾਣੀ ਸੀ ਹੱਥੀਂ ਡੋਲੀ ਪਾਉਣੀ,
ਇਕ ਛੁੱਟੀ ਆ ਜਾਂਦਾ, ਲਗਦੀ ਨਾ ਜੇ ਚੰਦਰੀ ਲਾਮ ।

ਬੋਰੀਆਂ ਢੋ ਢੋ ਰਾਤੀਂ ਸੁੱਤਾ, ਭੁੱਖਾ ਜਦ ਮਜ਼ਦੂਰ,
ਦਸ ਕਦਮਾਂ ਤੇ ਫੁੱਟ ਫੁੱਟ ਰੋਏ ਦਾਣਿਆਂ ਭਰੇ ਗੁਦਾਮ ।

ਕੀ ਹੋਇਆ ਜੇ ਹਰਫ਼ ਹਵਾ ਨੇ ਭਰ ਦੇਣੇ ਕਲ੍ਹ ਆ ਕੇ,
ਆ ਆਪਾਂ ਵੀ ਰੇਤਾ ਉਤੇ ਲਿਖੀਏ ਅਪਣਾ ਨਾਮ !

## — ਪੰਜਾਹ —

ਜੀਵਨ ਦੀ ਇਹ ਪੁਸਤਕ ਬਹੁਤ ਪੁਰਾਣੀ ਹੈ ।
ਹਰ ਪੰਨੇ 'ਤੇ ਯਾਰੋ ਦਰਦ-ਕਹਾਣੀ ਹੈ ।

ਕੀ ਰੁੱਖਾਂ ਦੇ ਰਿਸ਼ਤੇ ਦੀ ਗੱਲ ਕਰਦੇ ਹੋ,
ਦੁੱਧ ਨਹੀਂ ਇਹ ਪਾਣੀ ਹੈ ! ਬਸ ਪਾਣੀ ਹੈ !!

ਸੁੱਤੇ ਸ਼ਹਿਰ 'ਚ ਕੁਝ ਬੱਤੀਆਂ ਨੇ ਜਾਗਦੀਆਂ,
ਦਿਨ ਚੜ੍ਹਦੇ ਤੋਂ ਜਿਨ੍ਹਾਂ ਨੇ ਅੱਖ ਲਾਣੀ ਹੈ ।

ਲੱਭ ਰਹੇ ਹਨ ਸਾਰੇ ਸੜਕੀਂ ਭੀੜ ਕੋਈ,
ਸਭ ਨੇ ਅਪਣੀ ਅਪਣੀ ਗੱਲ ਸੁਣਾਣੀ ਹੈ ।

ਸੁਬਾਹ ਨਵਾਂ ਤੇ ਸ਼ਾਮਾਂ ਨੂੰ ਪੁਰਜਾ ਪੁਰਜਾ,
ਬੰਦਾ ਵੀ ਤਾਂ ਅਖ਼ਬਾਰਾਂ ਦਾ ਹਾਣੀ ਹੈ ।

ਕਿਉਂ ਲਾਉਨੈਂ ਮਨ ਦਰਿਆਵਾਂ ਸੰਗ ਦੋਸਤੀਆਂ,
ਵਗਦਾ ਇਹਨਾਂ ਵਿਚ ਪਰਦੇਸੀ ਪਾਣੀ ਹੈ ।



## — ਇਕਵੰਜਾ —

ਜੰਗਲ ਦੇ ਵਿਚ ਯਾਰੋ ਅੱਜ ਕਲ੍ਹ ਕਿਹੜੀ ਰੁੱਤ ਦਾ ਪਹਿਰਾ ?
ਹਰ ਬੂਟੇ ਦੇ ਧੁਰ ਅੰਦਰ ਇਕ ਵਸਦਾ ਹੈ ਸਹਿਰਾ ।

ਸਾਨੂੰ ਆਪਣੇ ਵਿਚ ਵਹਾ ਕੇ ਲੈ ਗਿਆ ਕਾਲੇ ਕੋਹੀਂ,
ਤਨ ਦੀ ਜੂਹ ਵਿਚ ਵਗਦਾ ਸੀ ਜੋ ਸਾਹਾਂ ਦਾ ਦਰਿਆ ।

ਐਵੇਂ ਸਾਨੂੰ ਰੋਜ਼ ਡਾਕ ਦੀ ਝਾਕ ਜਹੀ ਹੈ ਰਹਿੰਦੀ,
ਕਿਸ ਨੇ ਸਾਨੂੰ ਖ਼ਤ ਲਿਖਣਾ ਹੈ ? ਇਸ ਦਾ ਨਹੀਂ ਪਤਾ ।

ਗਲਵੱਕੜੀ ਵਿਚ ਲੈ ਕੇ ਤੈਨੂੰ ਚੁੰਮ ਚੁੰਮ ਪਿਆਰ ਕਰਾਂ,
ਸੱਚ ਦੱਸੀਂ ਅੱਜ ਕਿਵੇਂ ਮਿਲਣ ਨੂੰ ਤੇਰਾ ਜੀਅ ਕਰਿਆ !

ਉਸ ਦਿਨ ਮੇਰੇ ਨਾਂ ਨੂੰ ਲੈ ਕੇ ਉਡੀਆਂ ਜਦ ਅਖ਼ਬਾਰਾਂ,
ਕਣ ਕਣ ਹੋ ਕੇ ਸ਼ਹਿਰ ਸ਼ਹਿਰ ਵਿਚ ਮੈਂ ਸਾਂ ਖਿੰਡਰ ਗਿਆ ।

ਕਲ੍ਹ ਸ਼ਹਿਰ ਵਿਚ ਗੁੜ, ਚਾਹ, ਮੌਜੇ ਲੈਣ ਗਏ ਮਾਂ-ਬੱਚੇ,
ਜੰਗ 'ਚ ਮਰੇ ਸਿਪਾਹੀ ਦਾ ਬੁੱਤ ਰੋ ਕੇ ਤਿੜਕ ਗਿਆ ।

ਦੀਵਾਲੀ ਨੂੰ ਰੋ ਰੋ ਬੱਚੇ ਨ੍ਹੇਰੇ ਘਰ ਵਿਚ ਸੁੱਤੇ,
ਵਿਚ ਹਾਦਸੇ ਬਾਪ ਜਿਹਨਾਂ ਦਾ ਉਸ ਸ਼ਾਮੀਂ ਮਰਿਆ ।

ਮਰਨ ਬਾਅਦ ਪਤਨੀ ਦੇ ਕਪੜੇ ਕਿੱਲੀਆਂ ਉਤੋਂ ਲਾਹੁੰਦਾ,
ਚੁੱਪ ਕਰਾਉਂਦਾ ਬੱਚਿਆਂ ਨੂੰ ਉਹ ਫੁੱਟ ਫੁੱਟ ਵਿਲਕ ਪਿਆ ।

ਕੂਲੀਆਂ ਨੈਰੀਆਂ ਲੰਮੀਆਂ ਝੰਮੀਆਂ ਪੀਲੀਆਂ ਹੋਈਆਂ ਕਣਕਾਂ,
ਇਹਨਾਂ ਦੀ ਵੀ ਸਾਡੇ ਨਾਲੋਂ ਕੀ ਵੱਖਰੀ ਵਿਥਿਆ ?





## — ਬਵਿੰਜਾ —

ਮੱਥੇ ਦੇ ਵਿਚ ਧੁਰੋਂ ਲਿਖਾਇਆ ਸਫ਼ਰ ਥਨਾਂ ਦਾ ਕਰਨਾ ਸੀ ।
ਸੋਨ-ਮਿਰਗ ਨੂੰ ਫੜਦੇ ਫੜਦੇ ਇਉਂ ਵੀ ਆਪਾਂ ਮਰਨਾ ਸੀ ।

ਹਸਦੀ ਵਸਦੀ ਜਦੋਂ ਅਯੁੱਧਿਆ ਆਪੇ ਹੀ ਛੱਡ ਆਏ ਸਾਂ,
ਕਿਸ ਦੇ ਮੱਥੇ ਬਣੋਵਾਸ ਦਾ ਦੋਸ਼ ਭਲਾ ਫਿਰ ਧਰਨਾ ਸੀ ।

ਉਂਵ ਤਾਂ ਠਿਲ੍ਹਣ ਵੇਲੇ ਹੀ ਸੀ ਲਹਿਰਾਂ ਦਾ ਅਹਿਸਾਸ ਜਿਹਾ,
ਮਨ ਵਿਚ ਵੱਸਿਆ ਸੀ ਜਦ ਸਾਗਰ, ਸਾਗਰ ਤਾਂ ਫਿਰ ਤਰਨਾ ਸੀ ।

ਕਿੰਨਾ ਹੀ ਚਿਰ ਚੁੱਪ-ਚੁਪੀਤੇ ਬੱਦਲ ਵਾਂਗੂੰ ਉੱਡਦੇ ਰਹੇ,
ਟੁੱਟਿਆ ਸਬਰ ਤਾਂ ਅਕਸਰ ਆਪਾਂ ਰੋਣਾ ਰੋ ਰੋ ਵਰ੍ਹਨਾ ਸੀ ।

ਤਨਹਾਈ ਵਿਚ ਆਪੇ ਨੂੰ ਗਲਵੱਕੜੀ ਲੈ ਕੇ ਵਿਲਕ ਪਏ,
ਵਕਤ, ਵਕਤ ਸੀ ਉਸ ਦੇ ਬਾਝੋਂ ਇਸ ਨੇ ਖ਼ੈਰ ਗੁਜਰਨਾ ਸੀ ।

ਕੰਧਾਂ ਦੇ ਗਲ ਲਗ ਲਗ ਰਾਤੀਂ ਵਿਚ ਇਕਲਾਪੇ ਰੋਣਾ ਸੀ,
ਪਰ ਕੰਧਾਂ ਨੇ ਯਾਰੋ ਸਾਡੀ ਕਿਸ ਪੀੜਾ ਨੂੰ ਹਰਨਾ ਸੀ ?

ਫੁੱਲ ਦੇ ਵਾਂਗੂੰ ਹਸਦਾ ਹਸਦਾ ਹੰਝੂ ਵਾਂਗੂੰ ਡਿੱਗ ਮੋਇਆ,
ਮਹਿਫ਼ਲ ਦੇ ਵਿਚ ਮਗਰੋਂ ਯਾਰਾਂ ਜ਼ਿਕਰ ਅਸਾਡਾ ਕਰਨਾ ਸੀ !

## — ਤਰਵਿੰਜਾ —

ਸਾਡੇ ਪੈਰਾਂ ਵਿਚੋਂ ਕਿਰੀ ਹਰਨੋਟਿਆਂ ਦੀ ਚਾਲ ।
ਬਸ ਪੱਤੇ ਵੀ ਸੁਦਾਈ ਐਵੇਂ ਦੇਈ ਜਾਣ ਤਾਲ ।

ਜਿਹੜੇ ਮਾਰੂਥਲਾਂ ਵਿਚ ਗਏ ਆਪ ਹੀ ਗੁਆਚ,
ਕੌਣ ਪੁੱਛਦਾ ਹੈ ਉਹਨਾਂ ਮਰ-ਜਾਣਿਆਂ ਦਾ ਹਾਲ ?

ਬਾਕੀ ਜ਼ਿੰਦਗੀ ਦੇ ਸਨ ਹੋਰ ਕਿੰਨੇ ਹੀ ਸੁਆਲ,
ਸਾਥੋਂ ਹੱਲ ਹੀ ਨਾ ਹੋਇਆ ਇਕ ਰੋਟੀ ਦਾ ਸੁਆਲ ।

ਜਿਹਦੇ ਬਾਝ ਸੀ ਮੁਹਾਲ ਇਕ ਲੰਘਣਾ ਵੀ ਪਲ,
ਕਿਵੇਂ ਲੰਘ ਗਏ ਮਹੀਨੇ ? ਕਿਵੇਂ ਲੰਘਣੇ ਨੇ ਸਾਲ ।

ਉੱਤੇ ਜਾਗਦੀ ਸੀ ਸਾਡੇ ਭਰੀ ਤਾਰਿਆਂ ਦੀ ਰਾਤ,
ਇਕ ਜਾਗਦੇ ਸਾਂ ਅਸੀਂ ਇਕ ਉਸ ਦਾ ਖ਼ਿਆਲ ।

ਅਸੀਂ ਥਲਾਂ ਵਿਚ ਕੀਤੀ ਐਵੇਂ ਪਾਣੀਆਂ ਦੀ ਭਾਲ,
ਹਾਏ ਕਿਰੇ ਰੇਤ ਵਿਚ ਆਪਾ ਹੋਇਆ ਨਾ ਸੰਭਾਲ ।



ਐਵੇਂ ਚਾਨਣੀਆਂ ਰਾਤਾਂ ਵਿਚ ਖੇਡੇ ਕੀ ਸ਼ਿਕਾਰ,
ਹੱਥੋਂ ਗੁੰਮ ਗਏ ਸ਼ਿਕਾਰ, ਸਿਰੋਂ ਚਾਨਣੀ ਦਾ ਸ਼ਾਨ ।

ਸਾਨੂੰ ਰੋਕਿਆ ਰੁੱਖਾਂ ਨੇ ਲੱਖ ਪੰਛੀਆਂ ਵੀ ਕਿਹਾ,
ਸਾਡਾ ਅੱਥਰਾ ਇਹ ਦਿਲ ਕਦੋਂ ਮੰਨਿਆ ਰਵਾਨ ?

ਭਲਾ ਕਾਹਤੋਂ ਸੀ ਬਣਾਉਂਣਾ ਹਾਏ ਏਨੀ ਰੀਝ ਨਾਲ,
ਸਾਡੇ ਪੈਰਾਂ ਨੂੰ ਹੀ ਲੱਗਣਾ ਸੀ ਰੰਗਲਾ ਜੇ ਜਾਲ ।



## — ਚੁਰਿੰਜਾ —

ਘੁੱਪ ਹਨੇਰੇ ਵਿਚ ਬੈਠੇ ਹਾਂ ਚਾਨਣ ਦੇ ਤਿਰਹਾਏ ।
ਸਾਨੂੰ ਵੀ ਕੋਈ ਸੂਰਜ ਕਿਧਰੇ ਕਹਿ ਕੇ 'ਝਾਤ' ਬੁਲਾਏ !

ਝੱਖੜ ਨੇ ਜਦ ਸੁਹਲ ਫੁੱਲਾਂ ਦੇ ਲਾਏ ਰਾਤ ਥਪੇੜੇ,
ਛਮ ਛਮ ਰੋਂਦੇ ਕਾਹਤੋਂ ਨਾ ਇਹ ਤੁਸੀਂ ਮਾਸੂਮ ਵਰਾਏ ?

ਅੱਖਾਂ ਮੁੰਦੀਏ ਚੇਤੇ ਕਰੀਏ ਬਚਪਨ ਦੇ ਦਿਨ ਮਿੱਠੇ,
ਪਰ ਪਾਣੀ ਪੁਲ ਥੱਲਿਉਂ ਲੰਘੇ ਫੇਰ ਨਾ ਮੁੜ ਕੇ ਆਏ ।

ਕਲ੍ਹ ਸ਼ਰਾਬੀ ਹੋ ਕੇ ਮੌਸਮ ਸਾਡੇ ਵਿਹੜੇ ਆਇਆ,
ਲੱਗਿਆ ਵਰ੍ਹਿਆਂ ਪਿਛੋਂ ਰੱਬ ਨੇ ਵਿਛੜੇ ਫੇਰ ਮਿਲਾਏ ।

ਅੰਬਰ 'ਚੋਂ ਇਕ ਤਾਰਾ ਟੁੱਟਾ ਜਿਉਂ ਕੋਈ ਮਿੱਤਰ ਮਰਿਆ,
ਲੱਗੀ ਅੱਖ ਨਾ ਸਾਰੀ ਰਾਤੀਂ ਕੂੰਜ ਵਾਂਗ ਕੁਰਲਾਏ ।

ਧੀ-ਧਿਆਣੀ ਜੀ-ਭਿਆਣੀ ਜਦ ਸਹੁਰੇ ਘਰ ਚੱਲੀ,
ਅੰਮੜੀ-ਬਾਬਲ ਹੰਝ ਕੇਰਦੇ ਜੂਹ ਤਕ ਛੱਡਣ ਆਏ !

ਚੜ੍ਹਦੇ ਲਹਿੰਦੇ ਦੁੱਖ ਦੇ ਬੱਦਲ ਪੈਂਦੇ ਪੀੜ ਸ਼ੱਰਾਟੇ,
ਕਿਸ ਰੁੱਖ ਹੇਠਾਂ ਜਾ ਕੇ ਇਹ ਜਿੰਦ ਅਪਣਾ ਆਪ ਛੁਪਾਏ ।



## — ਪਚਵੰਜਾ —

ਟਿਕੀ ਰਾਤ ਵਿਚ ਅੰਬਰ ਸੁੰਨਾ ਪੰਛੀ ਨੰਘਿਆ ਚੀਰ ।
ਕੱਸ ਕੇ ਜਿਵੇਂ ਕਮਾਨੋਂ ਛੱਡਿਆ ਕਿਸੇ ਸ਼ਿਕਾਰੀ ਤੀਰ ।

ਚਿੰਤਾ ਦੀ ਅਗਨੀ ਵਿਚ ਜਦ ਸੀ ਨਟ ਨਟ ਬਲਦਾ ਸ਼ਹਿਰ,
ਮਸਤ ਚਾਲ ਵਿਚ ਗਲੀਓਂ ਗੁਜ਼ਰੇ ਕੁੱਤਾ ਅਤੇ ਫ਼ਕੀਰ ।

ਕੇਸੂ ਦਾ ਰੁੱਖ ਰੁੰਡਿਤ-ਮੁੰਡਿਤ ਜਦ ਜੰਗਲ ਵਿਚ ਰੋਇਆ,
'ਜੀਵਨ ਦੀ ਏਹੋ ਅਸਲੀਅਤ' ਬੋਲੇ ਜੰਡ ਕਰੀਰ ।

ਅੱਧਾ ਮਨ ਇਕ ਪਾਸੇ ਇਸ ਦਾ ਅੱਧਾ ਦੂਜੇ ਪਾਸੇ,
ਦੋ-ਚਿੱਤੀ ਦੀ ਆਰੀ ਦਿੱਤਾ ਅੱਜ ਦਾ ਮਾਨਵ ਚੀਰ ।

ਇਸ ਵਿਗਿਆਨਕ ਯੁਗ ਵਿਚ ਕਿਥੇ ਪਹਿਲੀ ਗਿਣਤੀ-ਮਿਣਤੀ,
ਚਿੜੀ ਚੁੰਝ ਜੋ ਭਰਦੀ ਨਦੀਓਂ ਹੁਣ ਘਟਦੇ ਨੇ ਨੀਰ !

ਹੀਰ ਲਈ ਨਾ ਰਾਂਝਾ ਏਨੀ ਝਲਦਾ ਸ਼ਾਇਦ ਖੁਆਰੀ,
ਭੋਇੰ ਨਾ ਦਿੰਦੇ, ਮੋਹ ਤਾਂ ਕਰਦੇ ਜੇ ਭਰਜਾਈਆਂ ਵੀਰ ।

ਚਿੱਤ ਨਾ ਚੇਤੇ ਹਨ ਜੋ ਉਹ ਵੀ ਵਰਤਣੀਆਂ ਤਕਦੀਰਾਂ,
ਰੰਗੀਂ ਵਸਦੇ ਜੱਗ 'ਚੋਂ ਸਾਡਾ ਮੁੱਕ ਜਾਣਾ ਹੈ ਸੀਰ ।

— ਛਪਿੰਜਾ —

ਖੜ੍ਹੇ ਸ਼ੀਸ਼ੇ ਸਾਹਵੇਂ ਜ਼ੁਲਫ਼ਾਂ ਸੁਆਰਦੇ ਰਹੇ।
ਮੁੱਖ ਮਸਤੀ 'ਚ ਆਪਣਾ ਨਿਹਾਰਦੇ ਰਹੇ।

ਅਸੀਂ ਰੋਜ਼ੀ ਲਈ ਉਡੇ ਉਹਨਾਂ ਪੰਛੀਆਂ ਦੇ ਵਾਂਗ,
ਬੋਟ ਆਹਲਣੇ 'ਚ ਜਿਹਨਾਂ ਨੂੰ ਚਿਤਾਰਦੇ ਰਹੇ।

ਬੇੜੀ ਕਾਗਜ਼ਾਂ ਦੀ ਸਾਡੀ ਕੋਈ ਲੱਗੀ ਨਾ ਕਿਨਾਰੇ,
ਨਿੱਤ ਨਵੀਆਂ ਬਣਾਉਂਦੇ ਅਸੀਂ ਤਾਰਦੇ ਰਹੇ।

ਇਹ ਵੀ ਜੀਅ ਲਾਉਣ ਵਾਲਾ ਇਕ ਮਹਿਜ਼ ਸੀ ਬਹਾਨਾ,
ਵੱਗ ਰੀਝਾਂ ਵਾਲੇ ਥਲੀਂ ਅਸੀਂ ਚਾਰਦੇ ਰਹੇ।

ਸਾਨੂੰ ਜੱਗ ਵਾਲੇ ਰਿਸ਼ਤੇ ਨਾ ਆਏ ਕਦੇ ਰਾਸ,
ਅਸੀਂ ਗੰਧਲੇ ਇਹ ਪਾਣੀ ਹੀ ਨਿਤਾਰਦੇ ਰਹੇ।

ਸਾਡੇ ਕਿਥੇ ਪਰਦੇਸੀਆਂ ਦੇ ਪੈਰਾਂ ਵਿਚ ਚੈਨ,
ਜਿਹੜੇ ਪਿੰਡ ਨੂੰ ਆਵਾਜ਼ਾਂ ਰਾਤੀਂ ਮਾਰਦੇ ਰਹੇ।

ਤਾਰੇ ਅੰਬਰਾਂ 'ਚੋਂ ਅਤੇ ਫੁੱਲ ਟਾਹਣੀਆਂ ਤੋਂ ਟੁੱਟੇ,
ਅਸੀਂ ਮਰ ਚੱਲੇ ਮੋਹ ਲਈ ਪੁਕਾਰਦੇ ਰਹੇ।



ਅਸਾਂ ਕਿੱਕਰਾਂ ਦੇ ਫੁੱਲਾਂ ਦਾ ਸੀ ਕਿਸ ਨੂੰ ਖ਼ਿਆਲ ?
ਨਾਲ ਨਿਭੇ ਸਾਡੇ ਕੰਡੇ ਜੁ ਪਿਆਰਦੇ ਰਹੇ।

ਅਸੀਂ ਵਣਜਿਆ ਕੱਚ, ਹੱਥ ਆਇਆ ਨਹੀਂ ਸੱਚ,
ਰਹੇ ਆਰ ਦੇ ਨਾ ਅਸੀਂ, ਨਾ ਹੀ ਪਾਰ ਦੇ ਰਹੇ।

ਮਿਲੇ ਪੈਰ ਪੈਰ ਉਤੇ ਸਾਨੂੰ ਪਰਖਾਂ ਦੇ ਪਲ,
ਇਕ ਅਸੀਂ ਸਾਂ ਕਿ ਅੱਗੋਂ ਲਲਕਾਰਦੇ ਰਹੇ।

ਕੋਲ ਅੰਤ ਨਹੀਂ ਸੀ ਆਉਣਾ, ਜਿਹਨਾਂ ਪਾਸਾ ਸੀ ਦਿਵਾਉਣਾ,
ਝੱਲੇ ਸਿਰਾਂ ਤੋਂ ਪਤਾਸੇ ਐਵੇਂ ਵਾਰਦੇ ਰਹੇ !



— ਸਤਵਿੰਜਾ —

ਸੁੰਞ-ਮਸਾਣੀਂ ਦੀਵੇ ਧਰਦੇ ਫਿਰਦੇ ਲੋਕ ।
ਗੁਜ਼ਰ ਗਿਆਂ ਦਾ ਪਾਣੀ ਭਰਦੇ ਫਿਰਦੇ ਲੋਕ ।

ਜੀਂਦੇ ਜੀ ਨਾ ਚਾਰ ਪਲਾਂ ਦੇ ਯਾਰ ਬਣੇ,
ਮਰਿਆਂ ਤੋਂ ਹਰ ਚਾਰਾ ਕਰਦੇ ਫਿਰਦੇ ਲੋਕ ।

ਸੇਕ ਬਿਗਾਨੇ ਅੰਗਾਂ ਵਿਚੋਂ ਲਭਦੇ ਨੇ,
ਅਪਣੀ ਠੰਢ ਵਿਚ ਜਿਹੜੇ ਠਰਦੇ ਫਿਰਦੇ ਲੋਕ ।

ਪਹਿਨ ਮੁਖੌਟੇ ਨਿਡਰ ਬਣ ਬਣ ਬਹਿੰਦੇ ਨੇ,
ਅੰਦਰ ਦੇ ਪਾਲੇ ਤੋਂ ਡਰਦੇ ਫਿਰਦੇ ਲੋਕ ।

ਦਿਨੇ ਹਨੇਰੇ ਦੀ ਕਾਤਰ ਤੋਂ ਸੰਗਦੇ ਜੋ,
ਰਾਤੀਂ ਕਾਲੇ ਸਾਗਰ ਤਰਦੇ ਫਿਰਦੇ ਲੋਕ ।

ਘਰ ਵਿਚ ਕਿਵੇਂ ਪਰਾਇਆ ਹਰ ਇਕ ਚਿਹਰਾ ਹੈ,
ਬਜ਼ਾਰਾਂ ਵਿਚ ਜਾਪਣ, ਘਰ ਦੇ ਫਿਰਦੇ ਲੋਕ ।

ਕਾਫ਼ੀ-ਘਰ ਵਿਚ ਸ਼ਾਮੀਂ ਹਫ਼ ਕੇ ਡਿੱਗਦੇ ਨੇ,
ਵਡਿਆਈ ਦੇ ਪੱਠੇ ਚਰਦੇ ਫਿਰਦੇ ਲੋਕ ।

ਨੇਤਾ ਜੀ ਨੇ ਖ਼ੁਦ ਉਦਘਾਟਨ ਕੀਤਾ ਹੈ,
ਤਦੇ ਜ਼ਮੀਰਾਂ ਗਿਰਵੀ ਧਰਦੇ ਫਿਰਦੇ ਲੋਕ ।



— ਅਠਵਿੰਜਾ —

ਸਾਡੇ ਘਰ ਇਕ ਰਿਸ਼ਮ ਪ੍ਰਾਹੁਣੀ ਆਈ ਹੈ ।
ਜਿਸ ਨੇ ਇਸ ਦੀ ਹਰ ਨੁੱਕਰ ਰੁਸ਼ਨਾਈ ਹੈ ।

ਸੱਤ ਰੰਗਾਂ ਦੀ ਪੀਂਘ ਪਈ ਹੈ ਅੰਬਰ 'ਤੇ,
ਹੱਸ ਕੇ ਉਸ ਨੇ ਜਿਵੇਂ ਲਈ ਅੰਗੜਾਈ ਹੈ ।

ਉਹ ਕਣੀਆਂ ਵਿਚ ਕਿਧਰੇ ਭੱਜਿਆ ਹੋਵੇਗਾ,
ਮੀਂਹ ਵਿਚੋਂ ਅੱਜ ਮਹਿਕ ਜਿਹੀ ਜੁ ਆਈ ਹੈ ।

ਘੇਰ ਲਿਆ ਜਦ ਚੌਂਕ ਵਿਚਾਰਾ ਸੜਕਾਂ ਨੇ,
ਪਥ-ਬੱਤੀਆਂ ਦੀ ਅੱਖ ਅੱਖ ਸ਼ਰਮਾਈ ਹੈ ।

ਉਸ ਦੇ ਖ਼ਤ ਨੂੰ ਜੇਬ 'ਚ ਪਾ ਕੇ ਤੁਰਿਆ ਹਾਂ,
ਜਾਪੇ ਮੇਰੀ ਜੇਬ 'ਚ ਕੁੱਲ ਲੋਕਾਈ ਹੈ ।

ਸਾਬਤ ਰਿਹਾ ਨਾ ਉਹ ਵੀ ਹੱਸ ਕੇ ਤਿੜਕ ਗਿਆ,
ਜਦ ਸ਼ੀਸ਼ੇ ਨਾਲ ਉਸ ਨੇ ਅੱਖ ਮਿਲਾਈ ਹੈ ।

ਹਸਦੇ ਹਸਦੇ ਫੁੱਲਾਂ ਨੈਣੀਂ ਨੀਂਦ ਪਈ,
ਅੱਜ ਇਹ ਕੇਹੀ ਬਾਤ ਪੌਣ ਨੇ ਪਾਈ ਹੈ ।

ਉਹ ਆਇਆ ਤਾਂ ਉੱਠ ਤਨਹਾਈ ਚਲੀ ਗਈ,
ਉਹ ਚੱਲਿਆ ਤਾਂ ਆ ਬੈਠੀ ਤਨਹਾਈ ਹੈ ।

ਇਕ ਰੁੱਖ ਝੂਠੇ ਜੰਗਲ ਵਿਚ ਸੱਚ ਬੋਲ ਪਿਆ,
ਸਭ ਰੁੱਖ ਉਸ ਨੂੰ ਆਖਣ 'ਕੋਈ ਸੁਦਾਈ ਹੈ' ।

ਰੱਬ ਤੇ ਬੰਦੇ ਵਿਚ ਅੰਤਰ ਨਹੀਂ ਕੋਹਾਂ ਦਾ,
ਨਿੱਕੀ ਜਹੀ ਬਸ ਇਕ ਹਉਮੈ ਦੀ ਖਾਈ ਹੈ ।

ਲੱਖ ਵੇਰ ਸਮਝਾਇਆ ਇਸ਼ਕੋਂ ਨਾ ਮੁੜਿਆ,
ਦਿਲ ਨੇ ਤਾਂ ਬਸ ਅਪਣੀ ਅੜੀ ਪੁਗਾਈ ਹੈ ।

ਮੇਰੀ ਗ਼ਜ਼ਲ 'ਚ ਦਸ ਤੂੰ ਹੀ, ਕੀ ਮੇਰਾ ਹੈ ?
ਤੇਰੀ ਹੀ ਗੱਲ ਤੈਨੂੰ ਅਸਾਂ ਸੁਣਾਈ ਹੈ ।





## — ਉਨਾਹਠ —

ਕਾਗਜ਼ 'ਤੇ ਮੈਂ ਅਪਣੀ ਹੱਥੀਂ ਜਦੋਂ ਟਿਕਾਇਆ ਪੇਪਰ-ਵੇਟ ।
ਮੁੜ ਕੇ ਅੱਜ ਤਕ ਉੱਠਣ ਤੇ ਨਾ ਵੇਖੋ ਆਇਆ ਪੇਪਰ-ਵੇਟ ।

ਇਕ ਹਾਦਸਾ ਹੋ ਜਾਣਾ ਸੀ ਹੁੰਦਾ ਹੁੰਦਾ ਬਚਿਆ ਪਰ,
ਕਲ੍ਹ ਮੇਜ਼ ਤੇ ਮੌਜ ਮੌਜ ਵਿਚ ਜਦੋਂ ਘੁਮਾਇਆ ਪੇਪਰ-ਵੇਟ ।

ਤੁਰੀਆਂ ਸਿਰ ਪਟਕਾ ਕੇ ਰੁੱਤਾਂ, ਪਈ ਨਾ ਇਸ ਤੇ ਇਕ ਵੀ ਤੇੜ,
ਇਸਦੇ ਵਿਚਲੇ ਰੰਗਾਂ ਨੇ ਹੀ ਪਰ ਤਿੜਕਾਇਆ ਪੇਪਰ-ਵੇਟ ।

ਖੰਡਿਤ ਹੋ ਕੇ ਵਿਚ ਖ਼ਲਾ ਦੇ ਉੱਡ ਜਾਣਾ ਸੀ, ਏਸੇ ਲਈ,
ਪਿਆਰ ਤੇਰੇ ਦਾ ਜਿੰਦ ਦੇ ਉਤੇ ਅਸਾਂ ਟਿਕਾਇਆ ਪੇਪਟ-ਵੇਟ ।

ਦਫ਼ਤਰ ਵਿਚਲੀ ਸਾਜ਼ਿਸ਼ ਦੀ ਵੀ ਮੈਨੂੰ ਓਦੋਂ ਭਿਣਕ ਪਈ,
ਮੇਰੇ ਹੀ ਜਦ ਵੇਖੋ ਵੱਜਣ ਮੂੰਹ ਨੂੰ ਆਇਆ ਪੇਪਰ-ਵੇਟ ।

ਅਫ਼ਸਰ ਕੁੜੀ ਦੇ ਅੰਗ ਅੰਗ ਵਿਚ ਸ਼ਰਮ ਦੀ ਬਿਜਲੀ ਦੌੜ ਗਈ,
ਝੁਕੇ ਹੋਏ ਜੋਬਨ ਨੂੰ ਜਿਸ ਦਮ ਛੂਹਣ ਤੇ ਆਇਆ ਪੇਪਰ-ਵੇਟ ।

ਤਨਹਾਈ ਵਿਚ ਇਕ ਵੀ ਬੰਦਾ ਜਦ ਨਾ ਉਸਦੇ ਕੋਲ ਰਿਹਾ,
ਖ਼ਬਰੇ ਕਿਸੇ ਨੇ ਹੁਬਕੀਂ ਰੋਂਦਾ ਕਿਵੇਂ ਵਰਾਇਆ ਪੇਪਰ-ਵੇਟ ।

— ਸੱਠ —

ਉਸ ਰਾਤ ਦਾ ਆਨੰਦ ਵੀ ਕਿੰਨਾ ਅਜੀਬ ਸੀ ।
ਸਾਡੇ ਨਾਲ ਸਾਡਾ ਯਾਰ ਤੇ ਉਹ ਵੀ ਅਦੀਬ ਸੀ !!

ਆਸ਼ਕ ਸ਼ਹੀਦ ਦੋ ਜਣੇ, ਹੱਸਦੇ ਸੀ ਮਰਦਿਆਂ,
ਦੋਹਾਂ ਦੀ ਵਿਚ ਤਕਦੀਰ ਦੇ ਭਾਵੇਂ ਸਲੀਬ ਸੀ ।

ਝੱਖੜ ਵਿਚ ਸੱਚ ਨੂੰ ਆਖ ਕੇ ਡਿੱਗਾ ਵਿਚਾਰਾ ਰੁੱਖ
ਸੁਪਨਿਆਂ ਦੇ ਪਾਰ ਇਹ ਉਸਦਾ ਨਸੀਬ ਸੀ ।

ਫਰਕ ਫੁੱਲ ਨਾਲ ਸੀ ਉਹਦਾ ਧਰਤੀ ਅਕਾਸ਼ ਦਾ,
ਕੰਡਾ ਵੀ ਊਂ ਤਾਂ ਕਹਿਣ ਨੂੰ ਫੁੱਲ ਦੇ ਕਰੀਬ ਸੀ ।

ਉੱਤਰ ਕੇ ਤਾਰੇ ਅਰਸ਼ 'ਚੋਂ ਲਹਿਰਾਂ 'ਨਾ ਖੇਡੇ ਝੀਲ ਵਿਚ,
ਕੰਢੇ 'ਤੇ ਹੱਸੀ ਚਾਨਣੀ ਉਹ ਖੁਸ਼ਨਸੀਬ ਸੀ ।

ਨਫਰਤਾਂ ਦੇ ਨਾਗ ਜਿਸ ਛੱਡੇ ਸਨ ਸਾਰੇ ਸ਼ਹਿਰ ਵਿਚ,
ਬਣਿਆ ਮਸੀਹਾ ਸ਼ਹਿਰ ਦਾ ਉਹੀਓ ਤਬੀਬ ਸੀ ।

ਬੇਸ਼ਕ ਉਡਾਰੀ ਮਾਰ ਕੇ ਉਹ ਵਸ ਗਿਆ ਪਰਦੇਸ ਵਿਚ,
ਅੰਬਰਸਰ ਉਸ ਦੇ ਦਿਲ 'ਚ ਸੀ, ਕਿੰਨਾ ਕਰੀਬ ਸੀ !



— ਇਕਾਹਠ —

ਦਿਨ ਸਨ ਕਿੰਨੇ ਪਿਆਰੇ ਪਿਆਰੇ ।
ਤੁਰੇ ਵਿਚਾਰੇ ਮਾਰੇ ਮਾਰੇ ।

ਇਹ ਚੰਦਰੇ ਨਾ ਸਾਥੋਂ ਮੁੱਕੇ,
ਭਾਰ ਗ਼ਮਾਂ ਦਾ ਢੋ ਢੋ ਹਾਰੇ ।

ਪੰਡਿਤ ਰਾਤੀਂ ਮਦਰਾਲੇ ਵਿਚ,
ਦਿਨ ਚੜ੍ਹਦੇ ਨੂੰ ਠਾਕਰ-ਦੁਆਰੇ ।

ਕਿਸਦੇ ਤੂੰ ਕੁਝ ਪੱਲੇ ਪਾਇਆ,
ਏਧਰ ਲਾਰੇ, ਓਧਰ ਲਾਰੇ ।

ਰਾਤੀਂ ਝੱਖੜ ਝੁਲਿਆ ਹੋਣੈਂ,
ਰੁੱਖ ਖੜੇ ਹਨ ਹੰਭੇ-ਹਾਰੇ ।

ਕਿਸ ਬਿਰਹਣ ਦੇ ਹੰਝੂ ਕਿਰ ਕਿਰ,
ਸੱਤ ਸਮੁੰਦਰ ਹੋ ਗਏ ਖਾਰੇ ?

ਮਹਿਲਾਂ ਸਾਹਵੇਂ ਉੱਠ ਕੇ ਤਣ ਗਏ,
ਦਿਸਦੇ ਸਨ ਜੋ ਨੀਵੇਂ ਢਾਰੇ ।

ਅਸੀਂ ਤਾਂ ਉੱਚੇ ਗਗਨੀ ਉੱਡੇ,
ਚੁੱਕ ਖੰਭਾਂ ਤੇ ਪੱਥਰ ਭਾਰੇ ।

ਦਸ ਬੰਦਿਆਂ ਦੇ ਜੋੜੇ ਬੰਦਾ,
ਅੰਤ ਸਮੇਂ ਤਾਂ ਕਾਫ਼ੀ ਚਾਰੇ ।

ਜਗਤ-ਸਰਾਂ ਵਿਚ ਕਿਸ ਬਹਿ ਰਹਿਣਾ ?
ਪਰ ਏਨੀ ਗੱਲ ਕੌਣ ਵਿਚਾਰੇ !





— ਬਾਹਠ —

ਚਾਅ ਤੁਹਾਡੇ ਆਉਣ ਦਾ ਚੜ੍ਹਿਆ ਸ਼ਰਾਬ ਵਾਂਗ ।
ਜੱਫੀ 'ਚ ਸਾਨੂੰ ਲੈ ਮਿਲੋ ਸਾਡੇ ਪੰਜਾਬ ਵਾਂਗ ।

ਹੁੰਮਸ ਤੋਂ ਮਗਰੋਂ ਮੀਤ ਜੀ ਮੌਸਮ ਨੂੰ ਲਓ ਚਾਰ ਚੰਨ,
ਖ਼ੁਸ਼ੀਆਂ ਦੀ ਪਾਓ ਰੋੜ੍ਹ ਕਿ ਵਗਿਓ ਚਨਾਬ ਵਾਂਗ ।

ਪੈਂਡੇ ਤੇ ਸਾਨੂੰ ਹੋਰ ਨਾ ਬੱਸ ਥੋੜ੍ਹ ਹੀ ਮਿਲੇ,
ਏਨਾ ਤਾਂ ਕਰੋ ਅਹਿਸਾਨ ਕਿ ਹੱਸੋ ਗੁਲਾਬ ਵਾਂਗ ।

ਕਲ੍ਹ ਚੰਨ ਸੀ ਅਸਮਾਨ ਵਿਚ ਦੌਣੀ ਸੀ ਮੱਥੇ ਰਾਤ ਦੇ,
ਜਾਂ ਰੱਬ ਨੇ ਨਹੁੰ ਸੁੱਟਿਆ, ਲਾਹ ਕੇ ਜਨਾਬ ਵਾਂਗ ?

ਸਾਹਾਂ ਦੀ ਕੋਈ ਸੁਗੰਧ ਨਾ ਤੇ ਨਾ ਜਿਸਮ ਦੀ ਛੁਹ,
ਹੈ ਜ਼ਿੰਦਗੀ ਹੀ ਬਣ ਗਈ ਸੁੱਕੇ ਤਲਾਬ ਵਾਂਗ ।

ਖ਼ਬਰੇ ਇਹ ਕਿਸ ਦੀ ਆਹ ਸੀ ਕਿਸ ਦਾ ਸੀ ਇਹ ਸਰਾਪ,
ਇਸ਼ਕੇ ਦੀ ਅਗਨੀ ਤਾਅ ਗਈ ਸਾਨੂੰ ਕਬਾਬ ਵਾਂਗ ।

ਫੁੱਲਾਂ ਨੇ ਬੰਨ੍ਹਿਆ ਰੰਗ ਕੁਝ ਕੁਝ ਜੀ ਨਵਾਇਆ ਤਿਤਲੀਆਂ,
ਕੰਡਿਆਂ ਤੇ ਉਂ ਤਾਂ ਕੱਟ ਲਈ ਜ਼ਿੰਦਗੀ ਅਜ਼ਾਬ ਵਾਂਗ ।

ਉਹ ਮਹਿਫ਼ਲਾਂ, ਉਹ ਰੌਣਕਾਂ, ਰੰਗੀਨੀਆਂ ਸਭ ਤੁਰ ਗਏ,
ਘਰ 'ਚ ਹੁਣ ਉਹ ਪਿਆ ਸੀ ਟੁੱਟੀ ਰਬਾਬ ਵਾਂਗ ।

ਖੰਡਰਾਤ ਬੀਆਬਾਨ ਤੇ ਸੁੰਨਸਾਨ ਉਹ ਸ਼ਮਸ਼ਾਨ ਸੀ,
ਬਾਣੀ ਪਰ ਉਸਨੂੰ ਆ ਮਿਲੀ ਅੱਗਿਓਂ ਸ਼ਬਾਬ ਵਾਂਗ !





— ਤਰੇਹਠ —

ਖ਼ਬਰ ਜੇਹੀ ਖਿੰਡ ਗਈ ਸੀ ਸ਼ਹਿਰ ਵਿਚ ।
ਜਿਓਂ ਕੋਈ ਬਿਜਲੀ ਗਿਰੀ ਸੀ ਸ਼ਹਿਰ ਵਿਚ ।

ਸ਼ਹਿਰ ਤਾਂ ਸੁੰਨਸਾਨ ਤੇ ਗ਼ਮਗੀਨ ਸੀ,
ਕਰ ਗਿਆ ਕੋਈ ਖ਼ੁਦਕੁਸ਼ੀ ਸੀ ਸ਼ਹਿਰ ਵਿਚ ।

ਨਫ਼ਰਤਾਂ ਦੇ ਨਾਗ ਸਨ ਹਰ ਮੋੜ 'ਤੇ,
ਹਰ ਗਲੀ ਤੇ ਦੁਸ਼ਮਣੀ ਸੀ ਸ਼ਹਿਰ ਵਿਚ ।

ਨਾ ਕੁੜੀ ਕੋਈ, ਨਾ ਚਿੜੀ, ਨਾ ਚਾਨਣੀ,
ਰਹਿ ਭਲਾ ਹੁਣ ਗਿਆ ਕੀ ਸੀ ਸ਼ਹਿਰ ਵਿਚ ।

ਮਹਿਕ ਤੁਰ ਗਈ ਡੁਸਕਦੀ ਤੇ ਸਿਸਕਦੀ
ਇਕ ਕਲੀ ਜੁ ਮਰ ਗਈ ਸੀ ਸ਼ਹਿਰ ਵਿਚ ।

ਚਹਿਕ ਲੈ ਕੇ ਉੱਡ ਗਈ ਚਿੜੀਆਂ ਦੀ ਡਾਰ,
ਖ਼ਬਰੇ ਸਿਰ ਤੇ ਕੀ ਬਣੀ ਸੀ ਸ਼ਹਿਰ ਵਿਚ ।

ਇਲਜ਼ਾਮ ਤਾਅਨੇ ਗਿਲੇ ਸ਼ਿਕਵੇ ਮਿਲ ਗਏ,
ਦਿਲਲਗੀ ਨਾ ਦਿਲਬਰੀ ਸੀ ਸ਼ਹਿਰ ਵਿਚ ।

ਦਸਤਕ ਦਿਤੀ ਦਰੀਂ ਕੋਈ ਨਾ ਬੋਲਿਆ,
ਮਰ ਗਈ ਹਾਏ ਦੋਸਤੀ ਸੀ ਸ਼ਹਿਰ ਵਿਚ ।

ਰੌਣਕ ਵਿਹੂਣੀ ਰਾਤ ਉਹ ਸੁੰਨਸਾਨ ਸੀ,
ਬਾਤ ਨਾ ਬਾਰਸ਼ ਪਈ ਸੀ ਸ਼ਹਿਰ ਵਿਚ !





— ਚੌਂਹਠ —

ਸ਼ੋਖ ਹਨ ਤੂੰ ਇਹ ਅਦਾਵਾਂ ਰਹਿਣ ਦੇਹ ।
ਸਾਂਭ ਸਿਰ ਨੂੰ ਇਹ ਘਟਾਵਾਂ ਰਹਿਣ ਦੇਹ ।

ਨਾ ਨਜ਼ਰ 'ਚੋਂ ਕੇਰ ਐਵੇਂ ਬਿਜਲੀਆਂ,
ਬਹੁਤ ਹੋ ਗਈ ਇਹ ਬਲਾਵਾਂ ਰਹਿਣ ਦੇਹ ।

ਗ਼ਮ 'ਚ ਡੁੱਬੇ ਮਰੇ ਨੂੰ ਇਉਂ ਮਾਰ ਨਾ,
ਪੂੰਝ ਹੰਝੂ ਇਹ ਝਨਾਵਾਂ ਰਹਿਣ ਦੇਹ ।

ਫਲਸਫ਼ੇ ਦੀਆਂ ਛਾਵਾਂ ਨੇ ਬਹੁੰ ਫੂਕਿਆ,
ਇੰਞ ਤਰ੍ਹਾਂ ਦੀਆਂ ਹੋਰ ਛਾਵਾਂ ਰਹਿਣ ਦੇਹ ।

ਨਾ ਬਹਾਰਾਂ, ਨਾ ਖ਼ਿਜ਼ਾਵਾਂ ਰਾਸ ਹਨ,
ਕੋਲ ਹਨ ਜੁ ਇਹ ਫ਼ਿਜ਼ਾਵਾਂ ਰਹਿਣ ਦੇਹ ।

ਕੀ ਭਲਾ ਜੇ ਦਰ ਨਹੀਂ, ਕੋਈ ਘਰ ਨਹੀਂ,
ਮੌਜ ਹੀ ਹੈ ਤੂੰ ਨਿਥਾਵਾਂ ਰਹਿਣ ਦੇਹ ।

ਇਹ ਦੌਲਤਾਂ ਤੇ ਪਦਵੀਆਂ ਰੁਤਬੇ ਜਿਹੇ,
ਝੂਠੀਆਂ ਹਨ ਜੁ ਸਰਾਵਾਂ ਰਹਿਣ ਦੇਹ ।

ਕੋਠੀਆਂ ਕਾਰਾਂ ਇਹ ਸਾਰੀ ਸਲਤਨਤ,
ਸਾਂਭ ਅਪਣੀ ਇਹ ਘੁਮਾਵਾਂ ਰਹਿਣ ਦੇਹ ।

ਜ਼ੋਰ, ਸੀਨਾ-ਜ਼ੋਰੀਆਂ ਹਉਮੈ ਹੰਕਾਰ,
ਖੱਸ ਲੈ ਇਹ ਹੋਰ ਬਾਹਵਾਂ ਰਹਿਣ ਦੇਹ ।

ਜੋ ਦਿਲੋ ਦਾ ਦਰਦ ਜਾਨਣ ਖੜਨ ਨਾ,
ਰੱਬ ਜੀ ਉਹਨਾਂ ਭਰਾਵਾਂ ਰਹਿਣ ਦੇਹ ।

ਨਾ ਕਹੀ ਸੰਸਾਰ, ਨਾ ਨਿਰੰਕਾਰ ਦੀ,
ਮਹਿਰਮਾ ! ਬਸ ਮੈਨੂੰ ਸਾਵਾਂ ਰਹਿਣ ਦੇਹ ।

ਨਾ ਰਹੇ ਹਾਂ ਦੇਸ, ਨਾ ਪਰਦੇਸ ਦੇ,
ਹੋਣੀਏ ਨੀਂ ਕੁਝ ਤਾਂ ਥਾਵਾਂ ਰਹਿਣ ਦੇਹ !





— ਪੈਂਹਠ —

ਆਪੇ ਦੇ ਨਾਲ ਸੌਂ ਗਏ, ਸੌਂ ਗਏ ਸ਼ਰਾਬ ਨਾਲ ।
ਸੁੱਤੇ ਬੁਰਸ਼ ਜਾਂ ਕਲਮ ਨਾ' ਸੌਂ ਗਏ ਰਬਾਬ ਨਾਲ ।

ਹੋਣੇ ਹਨ ਕਲਾਕਾਰ ਹੀ ! ਹੋਣੇ ਹਨ ਹੋਰ ਕੌਣ ?
ਸੌਂ ਗਏ ਜੋ ਸ਼ਰੇਆਮ ਏਦਾਂ ਸ਼ਬਾਬ ਨਾਲ ।

ਕਰਸੋਂ ਨਸੀਹਤ ਅਸਾਂ ਨੂੰ ਮਿਣ ਮਿਣ ਕੇ ਪੀਣ ਦੀ ?
ਅੰਮ੍ਰਿਤ ਤਾਂ ਸਾਥੋਂ ਪੀ ਨਾ ਹੋਇਆ ਹਿਸਾਬ ਨਾਲ !

ਇਹ ਵੀ ਸੀ ਇਕ ਦਿਨ ਬੀਤਣੀ ਸੂਹੇ ਗੁਲਾਬ ਨਾਲ,
ਉੱਡਣੇ ਸੀ ਮਹਿਕ ਰੰਗ ਵੀ ਏਨੇ ਸ਼ਤਾਬ ਨਾਲ ।

ਨਾ ਲੋੜ ਸੀ ਨਾ ਥੋੜ ਸੀ ਨਾ ਪੈਰ ਨੇ ਸੀ ਸੋਚਿਆ,
ਕਿ ਏਨਾ ਰਿਸ਼ਤਾ ਜੁੜ ਗਿਐ ਮੇਰਾ ਜੁਰਾਬ ਨਾਲ ।

ਦੋਸਤੀ ਦੇ ਦਿਹੁੰ ਲਈ ਦਰ ਦਰ 'ਤੇ ਭਟਕਿਆ,
ਸਤਲੁਜ ਦਾ ਮੁੜ ਕੇ ਹੱਥ ਨਾ ਜੁੜਿਆ ਚਨਾਬ ਨਾਲ ।

ਜੁ ਵਰਕਾ ਵਰਕਾ ਖਿੰਡ ਗਈ ਸੀ ਵਾਵਰੋਲੇ ਨਾਲ,
ਪੁੱਛੋ ਨਾ ਸਾਥੋਂ ਕੀ ਭਲਾ ਬੀਤੀ ਕਿਤਾਬ ਨਾਲ ।

ਕਲ੍ਹ ਤੱਕ ਜੁ ਇਕ ਮਕਾਨ ਸੀ ਕਿੰਨਾ ਹੈ ਬਦਲਿਆ,
ਵੇਖੋ ਨਾ ਘਰ ਹੀ ਬਣ ਗਿਐ ਕੀਕਰ ਜਨਾਬ ਨਾਲ !

ਮੁਸਕਰਾ ਕੇ ਜਰ ਲਏ ਸਭ ਸਖ਼ਤੀਆਂ ਦੇ ਦੌਰ,
ਸਾਡੇ ਵੀ ਨਾਲ ਉਹ ਹੋਈ, ਹੋਈ ਪੰਜਾਬ ਨਾਲ !!





— ਛਿਆਹਠ —

ਦੂਰ ਪਿੱਛੇ ਰਹਿ ਗਈਆਂ ਦਿਲਦਾਰੀਆਂ !
ਪਿੰਡ ਵਿਚ ਹੀ ਸਨ ਉਹ ਸਰਦਾਰੀਆਂ !!

ਸ਼ਹਿਰ ਸ਼ਹਿਰ ਕਰ ਰਹੇ ਹਾਂ ਚਾਕਰੀ,
ਮਾਲਕੀ ਉਹ ਮਾਰ ਗਈ ਉਡਾਰੀਆਂ ।

ਆਪਣੇ ਹਨ, ਨਾ ਮਕਾਨ, ਨਾ ਜ਼ਮੀਨ,
ਪਰਦੇਸੀਆਂ ਨੇ ਬਸ ਕਿਸ਼ਤਾਂ ਤਾਰੀਆਂ ।

ਪਹਿਲਾਂ ਵਾਂਗੂੰ ਹੁਣ ਨਸ਼ਾ ਵੀ ਨਾ ਚੜ੍ਹੇ,
ਕੰਮ ਨੇ ਬਹੁੰ ਬੰਦਸ਼ਾਂ ਨੇ ਮਾਰੀਆਂ ।

ਰੋਜ਼ੀ ਦੇ ਚੱਕਰ 'ਚ ਰੂਹ ਹੀ ਨਾ ਖਿੜੇ,
ਬੇਪ੍ਰਵਾਹੀਆਂ ਹਾਏ ਕਿਥੇ ਪਿਆਰੀਆਂ ।

ਚਾਵਾਂ ਦੇ ਉਹ ਦੌਰ ਦੂਰ ਰਹਿ ਗਏ,
ਆਣ ਢੁੱਕੀਆਂ ਨੇ ਚਿੰਤਾਵਾਂ ਭਾਰੀਆਂ ।

ਕਹੀਏ ਕਿਸ ਨੂੰ ਕਿ ਲੁਹਾਵੇ ਆਣ ਕੇ,
ਆਪ ਹੀ ਤਾਂ ਸਿਰ ਤੇ ਚਾਈਆਂ ਖਾਰੀਆਂ ।

ਵਿਆਹ ਮੇਲੇ ਗੌਣ ਤ੍ਰਿੰਝਣ ਤੀਆਂ ਉਹ,
ਕਿਧਰ ਗਈਆਂ ਰੌਣਕਾਂ ਕਰਤਾਰੀਆਂ ?

ਚੰਗਾ ਸੀ ਜੇ ਰਹਿੰਦੇ ਪਿੰਡ ਦੇ ਨੇੜ-ਤੇੜ,
ਕਾਹਨੂੰ ਲਾਈਆਂ ਸੱਤ ਸਮੁੰਦਰੀਂ ਤਾਰੀਆਂ !